# ਸਮਤਾ

ਫਰਵਰੀ 1985 (ਅੰਕ 57)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਫ਼ਰਵਰੀ 1985
ਮੁੱਲ—ਦੋ ਰੁਪਏ
57

## ਸੰਪਾਦਕੀ : ਸਪੱਸ਼ਟ ਰਾਜਨੀਤੀ

ਗੁਰਸ਼ਰਨ ਸਿੰਘ

ਇਹ ਸਤਰਾਂ ਉਹਨਾਂ ਨੂੰ ਸੰਬੋਧਨ ਹਨ, ਜੋ ਇਸ ਦੇਸ਼ ਵਿਚ ਇਕ ਨਿਆਂਸ਼ੀਲ ਸਮਾਜ ਬਣਿਆ ਵੇਖਣਾ ਚਾਹੁੰਦੇ ਹਨ ਅਤੇ ਇਹਦੇ ਲਈ ਸੰਘਰਸ਼ ਕਰ ਰਹੇ ਹਨ। ਦੇਸ਼ ਵਿਚ ਜੋ ਕੁਝ ਵਾਪਰ ਗਿਆ ਹੈ, ਉਹ ਬਹੁਤ ਫ਼ਿਕਰ ਵਾਲਾ ਹੈ ਅਤੇ ਸਾਡੇ ਲਈ ਨੂੰਵੀਆਂ ਚੁਣੌਤੀਆਂ ਲੈ ਕੇ ਆਇਆ ਹੈ।

○ ਕਾਂਗਰਸ ਪਾਰਟੀ ਦਾ ਚੋਣਾਂ ਵਿਚ ਜਿੱਤਣਾ ਹੈਰਾਨੀ ਵਾਲੀ ਗੱਲ ਨਹੀਂ। ਪਰ ਜਿਸ ਮਸਲੇ ਨੂੰ ਉਭਾਰਕੇ ਉਹਨੇ ਵੱਡੀ ਜਿੱਤ ਪ੍ਰਾਪਤ ਕੀਤੀ ਹੈ, ਉਹ ਫਿਕਰ ਵਾਲੀ ਗੱਲ ਹੈ। ਇਹ ਜਿੱਤ ਉਹਨੇ ਸਿੱਖ ਫਿਰਕੇ ਵਿਰੁੱਧ ਨਫਰਤ ਫੈਲਾਕੇ ਅਤੇ ਆਪਣੇ ਆਪ ਨੂੰ ਦੇਸ਼ ਦੀ ਏਕਤਾ ਦਾ ਇਕੋ ਇਕ ਅਲਮਬਰਦਾਰ ਕਹਿਕੇ ਲਈ ਹੈ। ਸਾਫ਼ ਸ਼ਬਦਾਂ ਵਿਚ ਹਿੰਦੂ ਸ਼ਾਂਵਨਵਾਦ ਨੂੰ ਪੱਠੇ ਪਾ ਕੇ ਹਾਸਿਲ ਕੀਤੀ ਹੈ। ਇਸ ਸਿਲਸਿਲੇ ਵਿਚ ਪੰਡਤ ਜਵਾਹਰ ਲਾਲ ਨਹਿਰੂ ਦੇ ਕਹੇ ਸ਼ਬਦ ਯਾਦ ਕਰ ਲੈਣੇ ਹੀ ਕਾਫ਼ੀ ਹਨ। ਜਦੋਂ ਪੰਜਾਵਿਆਂ ਦੇ ਮੁੱਢਲੇ ਸਾਲਾਂ ਵਿਚ ਸ਼ਿਆਮਾ ਪ੍ਰਸ਼ਾਦ ਮੁਕਰਜੀ ਦੀ ਅਗਵਾਈ ਵਿਚ ਆਰ. ਐਸ. ਐਸ. ਅਤੇ ਹਿੰਦੂ ਮਹਾਂ ਸਭਾ ਦੇ ਲੋਕਾਂ ਨੇ ਜਨਸੰਘ ਦੀ ਬੁਨਿਆਦ ਰੱਖੀ ਸੀ ਤਾਂ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ :

> "ਜੇਕਰ ਘੱਟ ਗਿਣਤੀ ਦੇ ਲੋਕ ਫਿਰਕਾਪ੍ਰਸਤੀ ਦੇ ਜ਼ਹਿਰ ਦਾ ਸ਼ਿਕਾਰ ਹੋ ਜਾਣ ਤਾਂ ਸਮੁੱਚੇ ਦੇਸ਼ ਦੇ ਭਾਈਚਾਰੇ ਲਈ ਇਹ ਸਿਰਦਰਦੀ ਸਾਬਤ ਹੋ ਸਕਦੇ ਹਨ, ਪਰ ਜੇਕਰ ਬਹੁਗਿਣਤੀ (ਹਿੰਦੂ) ਦੇ ਲੋਕ ਇਸ ਜ਼ਹਿਰ ਦੇ ਸ਼ਿਕਾਰ ਹੋ ਜਾਣ ਤਾਂ ਇਹ ਦੇਸ਼ ਦੀ ਤਬਾਹੀ ਹੋਵੇਗਾ ਅਤੇ ਫਾਸ਼ੀਵਾਦ ਦਾ ਸ਼ੁਰੂ ਹੋਵੇਗਾ।"

ਇਹ ਤਸੱਲੀ ਵਾਲੀ ਗੱਲ ਹੈ ਕਿ ਦੇਸ਼ ਦੀਆਂ ਬਹੁਤ ਸਾਰੀਆਂ ਅਖ਼ਬਾਰਾਂ ਅਤੇ ਮੈਗਜ਼ੀਨਾਂ ਨੇ ਚੋਣ ਨਤੀਜਿਆਂ ਤੇ ਟਿਪਣੀ ਕਰਨ ਵੇਲੇ ਇਸ ਪ੍ਰਤੱਖ ਸਚਾਈ ਨੂੰ ਨੋਟ ਕੀਤਾ ਹੈ। ਦੇਸ਼ ਭਰ ਦੀਆਂ ਜਮਹੂਰੀ ਸ਼ਕਤੀਆਂ ਨੇ ਵੀ ਇਸ਼ ਰੁਝਾਣ ਨੂੰ ਸਪੱਸ਼ਟ ਨੋਟ ਕੀਤਾ ਹੈ ਅਤੇ ਲੋਕਾਂ ਨੂੰ ਇਸ ਵਿਰੁੱਧ ਖਬਰਦਾਰ ਕੀਤਾ ਹੈ।

○ ਸਮੁੱਚੇ ਦੇਸ਼ ਦੀ ਰਾਜਨੀਤੀ ਦੇ ਪ੍ਰਸੰਗ ਵਿਚ ਘੱਟ ਗਿਣਤੀ ਦੀ ਫ਼ਿਰਕਾਪ੍ਰਸਤੀ ਦੀ ਰੌਂ ਭਾਵੇਂ ਸਿਰਫ ਸਿਰਦਰਦੀ ਦਾ ਹੀ ਦਰਜਾ ਰੱਖਦੀ ਹੈ, ਪਰ ਅਸੀਂ ਜਿਹੜੇ ਪੰਜਾਬ ਵਿਚ ਰਹਿ ਰਹੇ ਹਾਂ, ਸਾਡੇ ਲਈ ਇਸ ਘੱਟ ਗਿਣਤੀ (ਸਿੱਖਾਂ) ਦੀ ਫਿਰਕਾਪ੍ਰਸਤੀ ਵੀ ਤਬਾਹੀ ਦਾ ਕਾਰਨ ਬਣ ਰਹੀ ਹੈ। ਕਰਮ ਅਤੇ ਪ੍ਰਤੀਕ੍ਰਮ ਦੇ ਚੱਕਰ ਵਿਚ ਸਾਧਾਰਨ ਲੋਕਾਂ ਦੀ ਜ਼ਿੰਦਗੀ ਸੁੱਕਣੇ ਪਈ ਹੈ। ਇਕ ਪਾਸੇ ਫੌਜੀ ਰਾਜ ਦੀ ਦਹਿਸ਼ਤ, ਦੂਜੇ ਪਾਸੇ ਅਤਿਵਾਦ ਦੀ ਦਹਿਸ਼ਤ ਦੋਨੋਂ ਘਾਤਕ ਸਾਬਤ ਹੋ ਰਹੀਆਂ ਹਨ। ਪਿਛਲੇ ਪੰਜ ਛੇ ਸਾਲਾਂ ਵਿਚ ਕੁਝ ਆਰਥਕ ਮੰਗਾਂ ਨੂੰ ਲੈ ਕੇ ਅੰਦੋਲਨ ਚਲਾਏ ਗਏ ਹਨ। ਇਹ ਦੇਸ਼ ਦੀ ਸਿਆਸੀ ਜ਼ਿੰਦਗੀ ਦਾ ਇਕ ਭਾਗ ਹਨ। ਆਪਣੇ ਆਪ ਵਿਚ ਕੋਈ ਗ਼ਲਤੀ ਨਹੀਂ। ਪਰ ਕੇਂਦਰ ਦੀਆਂ ਗਲਤ ਨੀਤੀਆਂ ਅਤੇ ਅੰਦੋਲਨ ਚਲਾਉਣ ਵਾਲਿਆਂ ਦੀਆਂ ਗ਼ਲਤ ਨੀਤੀਆਂ ਕਰਕੇ ਇਹਨਾਂ ਮੰਗਾਂ ਪਿਛੇ ਮੁੱਖ ਸੋਚ ਹੁਣ ਫ਼ਿਰਕਾਪ੍ਰਸਤੀ ਦੀ ਬਣ ਗਈ ਹੈ। ਦਿੱਲੀ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਨਵੰਬਰ ਦੀਆਂ ਵਾਪਰੀਆਂ ਘਟਨਾਵਾਂ ਨੇ ਇਸ ਸੋਚ ਵਿਚ ਹੋਰ ਵੀ ਵਾਧਾ ਕੀਤਾ ਹੈ। ਗਿਆਨੀ ਕ੍ਰਿਪਾਲ ਸਿੰਘ ਤੇ ਘਾਤਕ ਹਮਲਾ ਹੋਣਾ ਅਤੇ ਬਹੁਤ ਸਾਰੇ ਸਿੱਖ ਹਲਕਿਆਂ ਵਿਚ ਇਹਦਾ ਕੋਈ ਨਿਖੇਧਾਤਮਕ ਪ੍ਰਤੀਕਰਮ ਨਾਂ ਹੋਣਾ, ਇਕ ਬੜਾ ਹੀ ਖਤਰਨਾਕ ਰੁਝਾਨ ਹੈ। ਪੰਜਾਬ ਦੇ ਜਨਸਾਧਾਰਨ ਲਈ ਦੇਸ਼ ਭਰ ਵਿਚ ਫੈਲੀ ਹਿੰਦੂ ਫਿਰਕਾਪ੍ਰਸਤੀ ਅਤੇ ਪੰਜਾਬ ਵਿਚ ਫੈਲੀ ਸਿਖ ਫਿਰਕਾਪ੍ਰਸਤੀ ਦੋਨੋਂ ਹੀ ਮਾਰੂ ਹਨ। ਇਸ ਲਈ ਇਹ ਬੜਾ ਹੀ ਜ਼ਰੂਰੀ ਹੈ ਕਿ ਕੇਂਦਰ ਦੀਆਂ ਫਾਸ਼ੀ ਪਾਲਸੀਆਂ ਵਿਰੁਧ ਸੰਘਰਸ਼ ਕਰਦੇ ਹੋਏ ਸਿਖਾਂ ਵਿਚ ਫੈਲੀ ਫਿਰਕਾਪ੍ਰਸਤੀ ਦੀ ਸੋਚ ਨੂੰ ਅਤੇ ਉਹਦੇ ਖਤਰੇ ਨੂੰ ਨਜ਼ਰ ਅੰਦਾਜ਼ ਨਾਂ ਕੀਤਾ ਜਾਏ। ਅਸੀਂ ਭਾਵੇਂ ਥੋੜੇ ਹੋਈਏ, ਸਾਡਾ ਸਪੱਸ਼ਟ ਸਟੈਂਡ ਹੋਣਾ ਚਾਹੀਦਾ ਹੈ। ਕਿ ਸਾਧਾਰਨ ਲੋਕਾਂ ਦੀ ਨਿਜਾਤ ਨਾਂ ਅਨੰਦਪੁਰ ਸਾਹਿਬ ਦੇ ਰੈਜ਼ੂਲੇਸ਼ਨ ਦੇ ਮੰਨਣ, ਨਾਂ ਮੰਨਣ ਵਿਚ ਹੈ ਅਤੇ ਨਾਂ ਵਡਾ ਸੂਬਾ ਬਣਨ ਜਾਂ ਨਾਂ ਬਣਨ ਵਿਚ ਹੈ। ਉਹਨਾਂ ਦੀ ਨਿਜਾਤ ਇਕ ਸਾਂਝੀਵਾਲਤਾ ਵਾਲਾ ਨਿਜ਼ਾਮ ਬਣਨ ਨਾਲ ਹੀ ਹੋ ਸਕਦੀ ਹੈ।

○ ਚੋਣ ਨਤੀਜਿਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਸਾਧਾਰਨ ਲੋਕਾਂ ਨੇ ਗੰਦਾ ਰਾਜ ਪ੍ਰਬੰਧ ਨੂੰ ਜੋ ਪਿਛਲੇ 37 ਸਾਲਾਂ ਤੋਂ ਇਥੇ ਚਲ ਰਿਹਾ ਹੈ, ਇਕ ਹੋਣੀ ਜਾਂ ਤਕਦੀਰ ਸਮਝਕੇ ਸਵੀਕਾਰ ਕਰ ਲਿਆ ਹੈ ਅਤੇ ਉਹਨਾਂ ਦੀ

ਇਸ ਪ੍ਰਤੀ ਸੰਘਰਸ਼ ਦੀ ਧਾਰਨਾ ਕਾਫ਼ੀ ਧੁੰਦਲੀ ਅਤੇ ਮੱਠੀ ਪੈ ਚੁੱਕੀ ਹੈ। ਇਸ ਦਾ ਵੱਡਾ ਕਾਰਨ ਹੈ ਕਿ ਖੱਬੀ ਧਿਰ ਇਕ ਚੰਗੇ ਰਾਜ ਪ੍ਰਬੰਧ ਵਾਲਾ ਨਿਆਂਸ਼ੀਲ ਸਮਾਜ ਦਾ ਨਕਸ਼ਾ ਉਹਨਾਂ ਸਾਹਮਣੇ ਪੇਸ਼ ਕਰਨ ਵਿਚ ਅਸਫਲ ਰਹੀ ਹੈ। ਇਸ ਗੱਲ ਦਾ ਅਹਿਸਾਸ ਕਰਦਿਆਂ ਹੋਇਆਂ ਹੁਣ ਹਰ ਮਸਲੇ ਵਲ ਸਾਡੀ ਪਹੁੰਚ ਦੀ ਇਕੋ ਕਸੌਟੀ ਹੋਣੀ ਚਾਹੀਦੀ ਹੈ ਕਿ ਕੀ ਇਹ ਲੋਕਾਂ ਵਿਚ ਚੰਗੀ ਜ਼ਿੰਦਗੀ ਲਈ ਚਾਹਤ ਅਤੇ ਇਕ ਨਿਆਂਸ਼ੀਲ ਸਮਾਜ ਬਨਾਉਣ ਦੇ ਸੰਘਰਸ਼ ਵਿਚ ਸਹਾਈ ਹੈ ਕਿ ਨਹੀਂ ? ਬੁਰਜੂਆ ਸਿਆਸਤ ਦਾ ਇਹ ਯਤਨ ਹੋਏਗਾ ਕਿ ਕੋਈ ਨਾ ਕੋਈ ਐਸਾ ਸ਼ੋਸ਼ਾ ਛਿੜਿਆ ਰਹੇ ਕਿ ਲੋਕ ਫ਼ਜ਼ੂਲ ਗੱਧੀਗੇੜ ਵਿਚ ਪਏ ਰਹਿਣ ਅਤੇ ਆਪਣੀ ਚੰਗੀ ਰੋਟੀ ਕਪੜੇ ਦੀ ਲੜਾਈ ਨੂੰ ਬਿਲਕੁਲ ਭੁੱਲੇ ਰਹਿਣ। ਐਵੇਂ ਜਿਹੇ ਮਸਲਿਆਂ ਉਤੇ ਦਲੀਲਬਾਜ਼ੀ ਕਰਦੇ ਰਹਿਣ ਤੇ ਜਿਹੜੇ ਅਸਲੀ ਮਸਲੇ, ਗੰਦੀ ਅਤੇ ਭ੍ਰਿਸ਼ਟ ਰਾਜ ਬਣਤਰ ਦੀ ਦੇਣ ਹਨ, ਉਨਾਂ ਨੂੰ ਭੁਲ ਜਾਣ। ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਸਧਾਰਨ ਲੋਕਾਂ ਨੂੰ ਇਸ ਰਾਜਨੀਤੀ 'ਤੋਂ ਖਬਰਦਾਰ ਕਰੀਏ ਅਤੇ ਉਹ ਰਾਜਨੀਤੀ ਜੋ ਅਸਲ ਸ਼ਬਦਾਂ ਵਿਚ ਉਹਨਾਂ ਲਈ ਕਲਿਆਣਕਾਰੀ ਹੈ, ਉਹਦੇ ਵਲ ਉਹਨਾਂ ਦਾ ਧਿਆਨ ਦਵਾਈਏ। ਹੋ ਸਕਦਾ ਹੈ ਕਿ ਲੋਕ ਵਕਤੀ ਤੌਰ ਤੇ ਧਿਆਨ ਨਾ ਦੇਣ, ਪਰ ਫੇਰ ਵੀ ਆਪਣੀ ਗੱਲ ਤੇ ਖਲੋਣਾ ਚਾਹੀਦਾ ਹੈ। ਦੇਸ਼ ਦੇ ਬਾਕੀ ਹਿਸਿਆਂ ਵਿਚੋਂ ਉਜੜ ਕੇ ਆਏ ਸਿੱਖ ਭਰਾਵਾਂ ਵਲ ਪੂਰੀ ਹਮਦਰਦੀ ਵਿਖਾਉਣੀ ਅਤੇ ਉਹਨਾਂ ਦੀ ਹਰ ਬਣਦੀ ਸਹਾਇਤਾ ਕਰਨਾ ਜਿਥੇ ਸਾਡਾ ਫਰਜ਼ ਹੈ, ਉਥੇ ਉਹਨਾਂ ਨੂੰ ਇਹ ਅਹਿਸਾਸ ਦਿਵਾਉਣਾ ਵੀ ਬੜਾ ਜ਼ਰੂਰੀ ਹੈ ਕਿ ਇਹ ਮੁਸੀਬਤ ਫਿਰਕੂ ਰਾਜਨੀਤੀ ਦੀ ਦੇਣ ਹੈ, ਜਿਸਦੇ ਉਹ ਵੀ ਜਾਣੇ ਅਣਜਾਣੇ ਭਾਗ ਬਣੇ ਰਹੇ ਹਨ। ਬਹੁਤ ਵਾਰੀ ਵਕਤੀ ਤੌਰ ਤੇ ਆਪਣਾ ਅਸਰ ਵਧਾਉਣ ਲਈ ਅਸੀਂ ਐਸੀ ਰਾਜਨੀਤੀ ਵਿਚ ਉੱਲਝ ਜਾਂਦੇ ਹਾਂ ਜੋ ਅਸਲ ਸ਼ਬਦਾਂ ਵਿਚ ਸਾਡੀ ਨਹੀਂ। ਇਹ ਕਰਮ ਸਾਡੇ ਅਸਰ ਦੇ ਥੱਲੇ ਲੋਕਾਂ ਨੂੰ ਸਗੋਂ ਹੋਰ ਭੰਬਲਭੂਸਿਆਂ ਵਿਚ ਪਾਂਦਾ ਹੈ। ਇਹਦੇ ਬਾਰੇ ਸਾਨੂੰ ਸੁਚੇਤ ਰਹਿਣ ਦੀ ਜ਼ਰੂਰਤ ਹੈ।

੦ ਸਾਡੇ ਕੋਲੋਂ ਜੇਕਰ ਪੁਛਿਆ ਜਾਏ ਕਿ ਹੁਣ ਦੇਸ਼ ਜਾਂ ਸਿੱਖਾਂ ਦਾ ਕੀ ਬਣੇਗਾ ? ਤਾਂ ਸਾਡਾ ਸਪੱਸ਼ਟ ਜਵਾਬ ਹੈ ਕਿ ਦੇਸ਼ ਭਰ ਵਿਚ ਅਪਣਾਈ ਕੇਂਦਰ ਦੀ ਨੀਤੀ ਅਤੇ ਕਥਿਤ ਸਿਖ ਲੀਡਰਾਂ ਦੀ ਪੰਜਾਬ ਵਿਚ ਅਪਣਾਈ ਨੀਤੀ ਦੇਸ਼ ਅਤੇ ਸਿਖਾਂ ਲਈ ਘਾਤਕ ਹੈ। ਇਕ ਦਮ ਇਸ ਮਸਲੇ ਦਾ ਕੋਈ ਹੱਲ ਨਹੀਂ। ਲੋਕਾਂ ਨੇ ਹਾਲੇ ਬੜੇ ਦੁੱਖ ਉਠਾਉਣੇ ਹਨ। ਅਸੀਂ ਵੀ ਉਹਨਾਂ ਵਿਚ ਸ਼ਾਮਿਲ ਹਾਂ। ਉਹਨਾਂ ਦੇ ਦੁੱਖ ਵਿਚ ਸ਼ਾਮਿਲ ਹੋਕੇ ਅਤੇ ਬਾਅਸੂਲ ਸਟੈਂਡ ਲੈ ਕੇ ਹੀ ਉਹਨਾਂ ਨੂੰ ਸਹੀ ਰਾਹ ਵਲ ਲਿਆਉਣ ਦਾ ਯਤਨ ਕਰਨਾ ਹੈ। ਆਪਣੀ ਰਾਜਨੀਤੀ ਨੂੰ ਸਪੱਸ਼ਟ ਪਰ ਆਸਾਨ ਅਤੇ ਲੋਕਾਂ ਦੀ ਬੋਲੀ ਵਿਚ ਪੇਸ਼ ਕਰੀਏ। ਇਹ ਸਾਡਾ ਫਰਜ਼ ਹੈ ਤੇ ਇਹ ਰਾਜਨੀਤੀ ਜਮਾਤਾਂ ਤੋਂ ਸਿਵਾ ਹੋਰ ਕੋਈ ਨਹੀਂ। ਇਸ ਦੇਸ਼ ਵਿਚ ਸਰਮਾਏ ਦੀ ਜਕੜ ਖਤਮ ਕਰਕੇ ਸਾਂਝੀਵਾਲਤਾ ਵਾਲਾ ਸਮਾਜ ਬਨਾਉਣਾ ਸਾਡਾ ਨਿਸ਼ਾਨਾ ਹੈ। ਸਾਨੂੰ ਪੱਕੇ ਕਦਮਾਂ ਨਾਲ ਇਸ ਰਾਜਨੀਤੀ ਤੇ ਕਾਇਮ ਰਹਿਣਾ ਚਾਹੀਦਾ ਹੈ। ੦੦

---

## ਪੰਜਾਬ ਲੋਕ ਸਭਿਆਚਾਰ ਮੰਚ (ਪਲਸ ਮੰਚ) ਵਲੋਂ

## ਇਕ ਵਿਸ਼ਾਲ ਸਾਹਿਤਕ ਗੋਸ਼ਟੀ, ਕਵੀ ਦਰਬਾਰ ਅਤੇ ਪੁਸਤਕ-ਪਛਾਣ

ਪਲਸ ਮੰਚ ਪੰਜਾਬ, ਸਮਰਾਲਾ ਵਲੋਂ ਨੈਸ਼ਨਲ ਪਬਲਿਕ ਸਕੂਲ, ਸਮਰਾਲਾ ਵਿਖੇ ਐਤਵਾਰ 10 ਫਰਵਰੀ ਦਿਨੇ 11 ਤੋਂ 3 ਵਜੇ ਤਕ ਇਕ ਸਾਹਿਤਕ ਜੋੜ ਮੇਲਾ ਕੀਤਾ ਜਾ ਰਿਹਾ ਹੈ। ਤੁਹਾਨੂੰ ਹਾਰਦਿਕ ਸੱਦਾ ਹੈ।

ਪੁਸਤਕ ਪਛਾਣ :—(1) ਪਹੁੰਚੇ ਹਾਂ ਕਿਸ ਮੁਕਾਮ 'ਤੇ (ਪੰਜਾਬ ਦੀ ਸਾਹਿਤਕ ਸਥਿਤੀ ਬਾਰੇ ਕਾਵਿ ਸੰਗ੍ਰਹਿ,
ਸੰਪਾਦਕ : ਗੁਰਸ਼ਰਨ ਸਿੰਘ ੦ ਪ੍ਰਮਿੰਦਰਜੀਤ ਪਛਾਣ ਕਰਤਾ : ਕੁਲਵੰਤ ਤਰਕ
(2) ਭਾਰਤੀ ਜੇਲ੍ਹਾਂ ਵਿਚ ਪੰਜ ਵਰੇ (ਮੇਰੀ ਟਾਇਲਰ) ਪਛਾਣ ਕਰਤਾ : ਗੁਰਬਖਸ਼ ਜੱਸ,
(3) ਨੀਰੋ ਬੰਸਰੀ ਵਜਾ ਰਿਹਾ ਸੀ (ਕਹਾਣੀ ਸੰਗ੍ਰਹਿ : ਹਮਦਰਦਵੀਰ ਨੌਸ਼ਹਿਰਵੀ)
ਪਛਾਣ ਕਰਤਾ : ਪ੍ਰੋ. ਸਤੀਸ਼ ਕੁਮਾਰ ਵਰਮਾ, ਪਟਿਆਲਾ

ਵਿਚਾਰ ਗੋਸ਼ਟੀ ਦਾ ਆਗਾਜ਼ : ਗੁਰਸ਼ਰਨ ਸਿੰਘ ਵਿਸ਼ਾ : ਫਿਰਕਾਪ੍ਰਸਤੀ ਵਿਰੁਧ ਪੰਜਾਬੀ ਸਾਹਿਤਕਾਰ

ਕਵੀ ਦਰਬਾਰ : ਸਮਾਗਮ ਵਿਚ ਹਾਜ਼ਰ ਕਵੀ ਆਪਣੀਆਂ ਨਵੀਆਂ ਕਵਿਤਾਵਾਂ ਪੇਸ਼ ਕਰਨਗੇ।

ਨਿਗਾਹਬਾਨ :
ਗੁਰਸ਼ਰਨ ਸਿੰਘ (ਪ੍ਰਧਾਨ), ਸਬਜਿੰਦਰ ਕੇਦਾਰ (ਸਕੱਤਰ)
ਪੰਜਾਬ ਲੋਕ ਸਭਿਆਚਾਰ ਮੰਚ

ਪ੍ਰਬੰਧ ਕਰਤਾ ਤੇ ਉਡੀਕਵਾਨ
ਹਮਦਰਦਵੀਰ ਨੌਸ਼ਹਿਰਵੀ, ਕੁਲਵੰਤ ਤਰਕ
ਅਮਰ ਆਫਤਾਬ

---

*ਪਲਸ ਮੰਚ ਵਲੋਂ ਭਗਤ ਸਿੰਘ ਕਾਲਜ ਕੋਟਕਪੂਰਾ ਵਿਖੇ ਇਕ ਸਾਹਿਤਕ ਸਮਾਗਮ 3 ਫਰਵਰੀ ਦਿਨ ਦੇ 11 ਵਜੇ ਹੋ ਰਿਹਾ ਹੈ। ਸੁਰਜੀਤ ਬਰਾੜ ਦੀ ਕਿਤਾਬ 'ਲਹੂ ਬੋਲਦਾ ਹੈ" ਰੀਲੀਜ਼ ਕੀਤੀ ਜਾਏਗੀ। ਸੁਰਜੀਤ ਗਿੱਲ ਉਸ ਉਤੇ ਪਰਚਾ ਪੜ੍ਹਨਗੇ, ਸਾਹਿਤਕਾਰ ਦੇ ਮੌਜੂਦਾ ਸਥਿਤੀ ਵਿਚ ਫਰਜ਼ਾਂ, ਬਾਰੇ ਵਿਚਾਰ ਗੋਸ਼ਟੀ ਹੋਏਗੀ, ਜਿਸਨੂੰ ਗੁਰਸ਼ਰਨ ਸਿੰਘ ਸ਼ੁਰੂ ਕਰਨਗੇ।* (ਸੂਚਨਾ)

## ਮੌਜੂਦਾ ਹਾਲਤਾਂ ਦੇ ਪ੍ਰਸੰਗ ਵਿਚ 'ਸਮਤਾ' ਨੂੰ ਇਕ ਰੋਸ ਅਤੇ ਰੰਜਸ਼ ਭਰਿਆ ਸੁਨੇਹਾ:—

ਭਾ ਜੀ, ਅਜ ਹੀ ਰਾਤ ਨੂੰ 'ਸਮਤਾ' ਪੜ੍ਹਕੇ ਮੁਕਾਇਆ ਹੈ, ਮੇਰੇ ਸਾਹਮਣੇ ਤੁਹਾਡਾ ਦਿਲ ਨੂੰ ਧੂ ਪਾਉਣ ਵਾਲਾ ਨਾਟਕ 'ਬਾਬਾ ਬੋਲਦਾ ਹੈ' ਸੰਪਾਦਕੀ, ਹੁੰਦਲ ਦੀਆਂ ਹਲੂਣੇ ਦੇਣ ਵਾਲੀਆਂ ਕਵਿਤਾਵਾਂ, ਨਾਲ ਹੀ ਭੁੱਲਰ ਦਾ ਰੰਜ਼ਸ਼ ਭਰਿਆਂ ਖਤ, ਬੈਡਫੋਰਡ ਤੋਂ ਸੁਖਦੇਵ ਸਿੱਧੂ ਦੀਆਂ ਦੋ ਚਿਠੀਆਂ, ਕੋਰਟ ਵਿਚ ਮੁਕੱਦਮੇ ਦੀ ਰੀਪੋਰਟ ਵੀ ਹੈ—ਸਚ ਜਾਣਿਓਂ, ਇਹ ਸਭ ਕੁਝ ਬੜੇ ਜਿਗਰੇ ਨਾਲ ਪੜ੍ਹਿਆ ਹੈ ਤਾਂ ਮੇਰੇ ਮਨ ਵਿਚ ਅਜ ਦੇ ਵਹਿਸ਼ੀ ਅਤੇ ਭ੍ਰਿਸ਼ਟ ਨਿਜ਼ਾਮ ਪ੍ਰਤੀ ਆਪ ਮੁਹਾਰੇ ਇਕੋ ਸਮੇਂ ਰੋਸ ਰੰਜ਼ਸ਼ ਅਤੇ ਗੁਸਾ ਜਾਗ ਉਠੇ ਹਨ। ਦਿਲੀ ਦੇ ਮੌਜੂਦਾ ਹਾਕਮ ਸੱਚ ਮੁੱਚ ਮੈਨੂੰ ਇਵੇਂ ਲਗ ਰਹੇ ਹਨ ਜਿਵੇਂ ਕਿਸੇ ਹੱਡਾ ਰੋੜੀ ਉਤੇ ਗਿਰਝਾਂ ਦਾ ਝੁੰਡ ਇਕੱਠਾ ਹੋਕੇ ਕਿਸੇ ਪਸ਼ੂ ਦੀ ਲਾਸ਼ ਦਾ ਮਾਸ ਨੋਚ ਨੋਚ ਕੇ ਖੁਸ਼ੀਆਂ ਦੇ ਜਸ਼ਨ ਮਨਾ ਰਹੀਆਂ ਹੋਣ—ਗਿਰਝਾਂ ਅਤੇ ਇਨ੍ਹਾਂ ਹਾਕਮਾਂ ਵਿਚ ਜੇ ਕੋਈ ਫਰਕ ਹੈ ਤਾਂ ਬਸ ਇਹ ਕਿ ਗਿਰਝਾਂ ਤਾਂ ਮਰੇ ਹੋਏ ਪਸ਼ੂ ਦੁਆਲੇ ਇਕੱਠੀਆਂ ਹੁੰਦੀਆਂ ਹਨ ਪਰ ਇਹ ਬੇ-ਰਹਿਮ ਦਰਿੰਦੇ ਹਾਕਮ (ਜਿਨ੍ਹਾਂ ਨੂੰ ਇਨ੍ਹਾਂ ਵਰਗੇ ਹੀ ਦਰਿੰਦੇ ਜੁੱਤੀ ਚੱਟ ਸ਼ਾਹੀ ਸਨਮਾਨ ਦੇ ਰਹੇ ਹਨ) ਬੇ-ਗੁਨਾਹ ਇਨਸਾਨਾਂ ਦੀਆਂ ਲਾਸ਼ਾਂ ਦੇ ਢੇਰ ਉਤੇ ਕਿੰਨੀ ਬੇ-ਸ਼ਰਮੀ ਨਾਲ ਰਾਜ ਸਿੰਘਾਸਨ ਤੇ ਬਿਰਾਜਮਾਨ ਹੋਏ ਹਨ। 'ਸਮਤਾ' ਅਤੇ 'ਸੁਰਖ ਰੇਖਾ' ਵਿੱਚ ਦਿਲੀ ਅਤੇ ਹੋਰ ਪ੍ਰਾਂਤਾਂ ਵਿਚ ਵਾਪਰੀਆਂ ਘਿਨਾਉਣੀਆਂ ਘਟਨਾਵਾਂ ਬਾਰੇ ਦਿਲ ਵਿਚ ਇਕ ਅਜੇਹੀ ਪੀੜ ਅਤੇ ਬੇਚੈਨੀ ਉਠੀ, ਜਿਸਨੂੰ ਸ਼ਬਦਾਂ ਵਿਚ ਸਮੋਇਆ ਨਹੀਂ ਜਾ ਸਕਦਾ। ਵਿਸ਼ਵਾਸ ਪੱਕਾ ਹੋ ਗਿਆ ਹੈ ਕਿ ਹੁਣ ਭਾਰਤ ਦੇ ਲੋਕਾਂ ਉਤੇ ਇਨਸਾਨ ਨਹੀਂ ਵਹਿਸ਼ੀ ਦਰਿੰਦੇ ਰਾਜ ਕਰਨਗੇ। ਇਹ ਸਾਰਾ ਕੁਝ ਪੜ੍ਹਕੇ ਸਚਮੁਚ ਮੈਂ ਕਾਫੀ ਰਾਤ ਤਕ ਸੌਂ ਵੀ ਨਹੀਂ ਸਕਿਆਂ।

ਜ਼ਿਹਨ ਵਿਚ ਪ੍ਰਸ਼ਨ ਉਠਦਾ ਹੈ ਕਿ ਇਹ ਸਾਰਾ ਕੁਝ ਕਿਉਂ ਹੋਇਆ, ਹਜ਼ਾਰਾਂ ਹੀ ਬੇਗੁਨਾਹ ਸਿਖਾਂ ਅਤੇ ਪੰਜਾਬੀਆਂ ਦੀ ਜਾਨ ਅਤੇ ਮਾਲ ਸੜਕੇ ਰਾਖ ਕਿਉਂ ਹੋ ਗਏ, ਹਜ਼ਾਰਾਂ ਹੀ ਬੱਚੇ ਯਤੀਮ ਅਤੇ ਔਰਤਾਂ ਵਿਧਵਾ ਕਿਉਂ ਹੋਈਆਂ, ਦੇਸ਼ ਵਿਚ ਚਾਰੇ ਪਾਸੇ ਅਸੁਰਖਿਅਤਾ ਦੀ ਲਹਿਰ ਕਿਵੇਂ ਫੈਲ ਗਈ, ਦੇਸ਼ ਦੀ ਰਾਜਧਾਨੀ ਵਿਚ ਇਹ ਦਰਿੰਦਗੀ ਦਾ ਨੰਗਾ ਨਾਚ ਕਿਉਂ ਹੋਇਆ ਜਿਥੇ ਪੁਲਸ ਫੌਜ ਅਤੇ ਕੇਂਦਰ ਸਰਕਾਰ ਦਾ ਹੈਡ ਕੁਆਟਰ ਅਤੇ ਸ਼ਾਸਨ ਪ੍ਰਬੰਧ ਦਾ ਕੰਟਰੋਲ ਸੈਂਟਰ ਵੀ ਹੈ—ਇਥੇ ਪ੍ਰਧਾਨ ਮੰਤਰੀ, ਮੰਤਰੀ, ਸੰਸਦ ਦੇ ਮੈਂਬਰ, ਅਤੇ ਪੁਲੀਸ ਦਾ ਸਾਰਾ ਅਮਲਾ ਜੱਲਾਦ ਬਣਕੇ ਇਹ ਸਾਰਾ ਦ੍ਰਿਸ਼ ਕਿਵੇਂ ਦੇਖਦਾ ਰਹੇ ? ਕੀ ਇਸ ਤਬਾਹੀ ਅਤੇ ਕਤਲੇਆਮ ਨੂੰ ਰੋਕਿਆ ਜਾ ਸਕਦਾ ਸੀ ? ਜਾਂ ਕੀ ਭਵਿਖ ਵਿਚ ਅਜੇਹੇ ਦੁਖਾਂਤ ਦੀ ਸੰਭਾਵਨਾ ਨੂੰ ਰੋਕਣ ਦੀ ਕੋਈ ਗਰੰਟੀ ਦਿਤੀ ਕੀਤੀ ਜਾ ਸਕਦੀ ਹੈ ? (ਜੇ ਸਰਕਾਰ ਏਹੀ ਰਹੀ—ਫੇਰ ਤਾਂ ਹਾਲਾਤ ਵੀ ਏਹੀ ਰਹਿਣਗੇ ਅਤੇ ਇਹੋ ਜਿਸੀਆਂ ਘਟਨਾਵਾਂ ਇਵੇਂ ਹੀ ਵਾਪਰਦੀਆਂ ਰਹਿਣਗੀਆਂ) ਆਸਤਕ ਅਤੇ ਅਧਿਆਤਮਵਾਦੀ ਲੋਕ ਤਾਂ ਬੇਗੁਨਾਹਾਂ ਦੇ ਅਜੇਹੇ ਕਤਲੇਆਮ ਨੂੰ ਰਬ ਦਾ ਭਾਣਾ ਮੰਨਣ ਦਾ ਉਪਦੇਸ਼ ਦੇਣਗੇ। ਕਿਸੇ ਵਿਸ਼ੇਸ਼ ਫਿਰਕੇ ਜਾ ਧਰਮ ਨਾਲ ਸਬੰਧਤ ਲੋਕ ਇਸ ਕਤਲੇਆਮ ਦਾ ਪ੍ਰਤੀਕਰਮ ਆਪਣੇ ਵਿਰੋਧੀ ਫਿਰਕੇ ਦੇ ਲੋਕਾਂ ਨੂੰ ਬਰਾਬਰ ਦਾ 'ਸੱਬਕ ਸਿਖਾਕੇ' ਬਦਲਾ ਲੈਣ ਦਾ ਪ੍ਰਚਾਰ ਕਰਨਗੇ। ਜੇ ਆਪਾਂ ਹਰ ਧਰਮ ਦੇ ਅਲਮਬਰਦਾਰਾਂ, ਮੰਜ਼ਬ ਦੇ ਠੇਕੇਦਾਰਾਂ ਅਤੇ ਸੰਤਾਂ ਬਾਬਿਆਂ ਦੀ ਕਰੀਏ—ਉਨ੍ਹਾਂ ਨੇ ਤਾਂ ਜੋ ਕੁੱਝ ਕਰਨਾ ਸੀ ਕਰਕੇ ਦਿਖਾ ਦਿਤਾ ਹੈ—ਉਹ ਸਭ ਕੁਝ ਸਾਡੇ ਸਾਹਮਣੇ ਹੈ—ਉਹ ਤਾਂ ਐਨ ਐਸ ਏ ਅਧੀਨ ਜੇਲ੍ਹਾਂ ਵਿਚ ਬੈਠੇ ਅਜੇ ਵੀ 'ਧਰਮ ਯੁਧ' ਮੋਰਚੇ ਉਤੇ ਡਟੇ ਹੋਏ 'ਸਿਖਾਂ ਦੇ ਬੋਲਬਾਲੇ' ਅਤੇ 'ਸਿਖ ਇਕ ਅਲੱਗ ਕੌਮ' ਦਾ ਨਾਹਰਾ ਹੀ ਬੁਲੰਦ ਕਰੀ ਜਾਂ ਰਹੇ ਹਨ—ਇਨ੍ਹਾਂ ਵੀਹਵੀਂ ਸਦੀ ਦੇ ਮੂਰਖਾਂ ਨੂੰ ਕੌਮ ਦੀ ਪ੍ਰੀਭਾਸ਼ਾ ਕੌਣ ਸਮਝਾਵੇ—ਦੋ ਸ਼ਬਦਾਂ ਵਿਚ ਇਹੋ ਜਿਹੀ ਧਾਰਨਾ ਅਤੇ ਪ੍ਰਚਾਰ ਦਾ ਅਰਥ ਹੈ ਆਉਣ ਵਾਲੇ ਭਵਿਖ ਵਿਚ ਧਰਮਾਂ ਅਤੇ ਫਿਰਕਿਆਂ ਦੇ ਨਾਂ ਤੇ ਬੇਗੁਨਾਹ ਮਨੁਖਾਂ ਦਾ ਕਤਲੇਆਮ। ਕੀ ਇਹ ਵਰਤਾਰਾ ਇਵੇਂ ਹੀ ਚਲਦਾ ਰਹੇਗਾ—ਇਸ ਧਰਤੀ ਤੇ ਨਿਹੱਥੇ ਅਤੇ ਬੇਗੁਨਾਹ ਲੋਕਾਂ ਦੇ ਕਤਲ ਇਵੇਂ ਹੁੰਦੇ ਰਹਿਣਗੇ ਅਤੇ ਕਾਤਲ ਹਮੇਸ਼ਾਂ ਸਾਫ ਸਾਫ ਬਚ ਨਿਕਲਦਾ ਰਹੇਗਾ ? ਜਿਸ ਧਰਮ ਦੀ ਰਖਿਆ ਲਈ ਏਨੀ ਹਾਲ ਦੁਹਾਈ ਮਚਾਈ ਜਾਂਦੀ ਰਹੀ—ਏਨਾ ਖੂਨ ਬਹਾਇਆਂ ਗਿਆ—ਸਵਾਲ ਉਠਦਾ ਹੈ ਕਿ ਓਹੀ ਧਰਮ ਅਜ ਉਨ੍ਹਾਂ ਦੀ ਰਖਿਆ ਕਿਓਂ ਨਹੀਂ ਕਰ ਸਕਿਆ ? 'ਬੇਗੁਨਾਹਾਂ ਦਾ ਖੂਨ' ਬਾਰੇ ਮੈਂ ਆਪਣੇ ਪ੍ਰਤੀਕਰਮ ਇਵੇਂ ਪ੍ਰਗਟਾਏ ਹਨ।

ਜਦੋਂ ਵੀ ਡੁਲ੍ਹਿਆ ਹੈ ਕਿਸੇ ਬੇਗੁਨਾਹ ਦਾ ਖੂਨ
ਮੇਰੀ ਕਲਮ ਰੋਈ ਹੈ

ਮੈਂ ਰੋਇਆ ਹਾਂ
ਮੇਰਾ ਹਰ ਬੋਲ ਰੋਇਆ ਹੈ
ਇਹ ਖ਼ੂਨ ਕਿਸੇ ਵੀ ਬੇਗੁਨਾਹ ਦਾ ਹੋ ਸਕਦਾ ਹੈ
ਹੋ ਸਕਦਾ ਹੈ ਲੈਬਨਾਨ ਦੇ ਕਿਸੇ ਫਲਸਤੀਨੀ ਦਾ
ਮਨੁੱਖੀ ਹੱਕਾਂ ਲਈ ਲੜਦੇ ਕਿਸੇ ਅਫਰੀਕੀ ਹਬਸ਼ੀ ਦਾ
ਕਿਸੇ ਆਇਰਿਸ਼ ਦਾ
ਹੋ ਸਕਦਾ ਹੈ ਆਪਣੇ ਹੀ ਲੋਕਾਂ ਦੀ ਮੁਕਤੀ ਲਈ ਲੜਦੇ
ਕਿਸੇ ਨਕਸਲੀ ਦਾ
ਧਰਮ ਦੇ ਜਨੂੰਨੀਆਂ ਨੂੰ ਵੰਗਾਰਦੇ
ਚੇਤਨਾ ਦੀ 'ਚਿੰਗਾਰੀ' ਨੂੰ ਰੌਸ਼ਨ ਕਰਦੇ
ਕਿਸੇ ਸੁਖਰਾਜ ਜਾਂ ਸੁਮੀਤ ਦਾ
ਧਰਮ ਦੇ ਜਨੂੰਨੀਓਂ ! ਖ਼ੂਨ ਤਾਂ ਬਸ ਖ਼ੂਨ ਹੁੰਦਾ ਹੈ
ਖ਼ੂਨ ਹਿੰਦੂ, ਸਿਖ ਜਾਂ ਈਸਾਈ ਨਹੀਂ ਹੁੰਦਾ
ਉਹ ਵੀ ਤਾਂ 'ਸਮਾਂ ਸੀ
ਜਦੋਂ ਅਸੀਂ ਹਿੰਦੂ ਸਿਖ ਈਸਾਈ
ਕੁਝ ਵੀ ਨਹੀਂ ਸਾਂ
ਸਿਰਫ ਮਨੁਖ ਸਾਂ
ਚਾਹੇ ਵਨਮਾਨਸ ਸਾਂ
ਚਾਹੇ ਵਹਿਸ਼ੀ ਸਾਂ
ਚਾਹੇ ਉਜੱਡ ਸਾਂ
ਆਓ ਅਜ ਰੋਹਲੀ ਆਵਾਜ਼ ਵਿਚ ਐਲਾਨ ਕਰੀਏ
ਧਰਮ (ਮਜ਼੍ਹਬ) ਨੇ ਹੀ ਸਿਖਾਇਆ ਹੈ ਸਾਨੂੰ
ਆਪਸ ਵਿਚ ਵੈਰ ਰਖਣਾ
ਧਰਮ ਨੇ ਹੀ ਬਣਾਇਆ ਹੈ ਸਾਨੂੰ
ਹਿੰਦੂ ਮੁਸਲਿਮ ਜਾਂ ਈਸਾਈ
ਇਹ ਧਰਮ ਹੀ ਤਾਂ ਹੈ
ਜੋ ਹਜ਼ਾਰਾਂ ਬੇਗੁਨਾਹਾਂ ਦਾ ਕਤਲ ਕਰਵਾਉਂਦਾ ਹੈ
ਅਤੇ ਫੇਰ ਪਸ਼ਚਾਤਾਪ ਵੀ ਨਹੀਂ ਕਰਦਾ
ਬਸ ਐਵੇਂ ਵਹਿਸ਼ੀ ਜਿਹਾ ਹਾਸਾ ਹੱਸ ਛੱਡਦਾ ਹੈ
ਫੇਰ ਵਹਿਸ਼ਤ ਦਾ ਇਕ ਹੋਰ ਦੌਰ ਸ਼ੁਰੂ ਹੁੰਦਾ ਹੈ
ਵਹਿਸ਼ਤ ਜੋ ਜੰਗਲ ਦੀ ਅੱਗ ਵਾਂਗ ਫੈਲਣ ਲਗਦੀ ਹੈ
ਮੈਨੂੰ ਤਾਂ ਧਰਮ ਤੇ ਵਹਿਸ਼ਤ ਵਿਚ
ਕੋਈ ਫਰਕ ਨਹੀਂ ਲਗਦਾ
ਦੋਨੋਂ ਇਕੋ ਹੀ ਮਾਂ ਦੇ ਜਾਏ ਹਨ
ਧਰਮ ਦੀ ਮਰਿਆਦਾ ਦਾ ਦਾਅਵਾ ਕਰਨ ਵਾਲਾ
ਅਜ ਦਾ ਸਭਿਯ ਮਨੁਖ
ਸਭਿਅਤਾ ਤੋਂ ਏਨੀ ਦੂਰ ਆ ਗਿਆ ਹੈ
ਕਿ ਹੈਵਾਨ ਵੀ ਉਹਤੋਂ ਘਬਰਾ ਗਿਆ ਹੈ ।

ਦੇਸ਼ ਵਿਚ ਵਾਪਰੀਆਂ ਖ਼ੂਨੀ ਘਟਨਾਵਾਂ ਤੋਂ ਅਜ ਇਹ ਗੱਲ ਹੋਰ ਵੀ ਸਾਫ ਹੋ ਕੇ ਸਾਹਮਣੇ ਆਈ ਹੈ ਕਿ ਮਨੁੱਖ ਦੀ ਰੱਖਿਆ ਕੋਈ ਧਰਮ ਜਾਂ ਮਜ਼੍ਹਬ ਨਹੀਂ ਸਗੋਂ ਧਰਮਾਂ ਅਤੇ ਫਿਰਕਿਆਂ ਤੋਂ ਉਪਰ ਉਠਿਆ ਇਨਸਾਨ ਹੀ ਕਰ ਸਕਦਾ ਹੈ । ਮਹਾਨ ਕਾਰਲ ਮਾਰਕਸ ਅਤੇ ਅਰਸਤੂ ਤਾਂ ਮਨੁਖ ਨੂੰ ਸਮਾਜਿਕ ਵਿਕਾਸ ਦੇ ਅਜੇਹੇ ਪੜਾਅ ਤੇ ਲੈ ਜਾਣਾ ਚਾਹੁੰਦੇ ਸਨ ਜਿੱਥੇ ਉਹਨੂੰ ਕਿਸੇ ਵੀ ਧਰਮ, ਅੰਧਵਿਸ਼ਵਾਸ ਅਤੇ ਸੰਕੀਰਣ ਫਿਰਕਾਪ੍ਰਸਤੀ ਦਾ ਮੁਹਤਾਜ ਨਹੀਂ ਹੋਣਾ ਪਵੇਗਾ । ਮਾਰਕਸ ਅਜੇਹੇ 'ਸਮਾਜਵਾਦੀ ਪੁਰਖ ਦੀ ਸਿਰਜਣਾ' ਕਰਨੀ ਚਹੁੰਦਾ ਸੀ ਜਿਹੜਾ ਧਰਮਾਂ ਅਤੇ ਫਿਰਕਿਆਂ ਤੋਂ ਨਿਰਲੇਪ ਰਹਿਕੇ ਆਪ ਮੁਹਾਰੇ ਮਨੁਖ ਦੀ ਭਲਾਈ ਅਤੇ ਮੁਕਤੀ ਲਈ ਤਿਆਰ ਰਹੇਗਾ । ਸੋ ਧਾਰਮਕ ਜਨੂੰਨ ਦੇ ਦਮਘੋਟੂ ਮਹੌਲ ਅੰਦਰ ਦਲੀਲ ਅਤੇ ਤਰਕ ਦੀ ਆਵਾਜ਼ ਨੂੰ ਬੁਲੰਦ ਕਰਨਾ ਕਮਿਊਨਿਸਟਾਂ ਲਈ ਅਜ ਸੱਚਮੁੱਚ ਇਕ ਗੰਭੀਰ ਚੁਨੌਤੀ ਬਣਕੇ ਸਾਹਮਣੇ ਆਈ ਹੈ । ਧਰਮ ਦੇ ਢੰਡਾਬਰਦਾਰਾਂ ਦਾ ਹਕੀਕੀ ਚਿਹਰਾ ਨੰਗਾ ਕਰਨ ਲਈ ਸਾਨੂੰ ਅੱਜ ਸਲੇਕਾ ਦਾ ਧਰਮ ਬਾਰੇ ਇਹ ਕਥਨ ਲੋਕਾਂ ਵਿਚ ਲੈਕੇ ਜਾਣਾ ਪਵੇਗਾ, "ਧਰਮ ਆਮ ਲੋਕਾਂ ਦੀ ਨਜ਼ਰ ਵਿਚ ਇਕ ਸਚਾਈ ਹੈ, ਅਕਲਮੰਦ ਲੋਕਾਂ ਦੀ ਨਜ਼ਰ ਵਿਚ ਝੂਠ ਤੇ ਹਾਕਮਾਂ ਦੀ ਨਜ਼ਰ ਵਿਚ ਇਕ ਫਾਇਦੇਮੰਦ ਚੀਜ਼ ਹੈ ।' ਇਤਿਹਾਸ ਦੇ ਵੱਖ ਵੱਖ ਪੜਾਵਾਂ ਤੇ ਸਮਾਜ਼ ਵਿਚੋਂ ਕੁਝ ਸਿਆਣੇ ਸੂਝਵਾਨ ਜਾਂ ਰੌਸ਼ਨ ਦਿਮਾਗ ਵਿਅਕਤੀ— ਜਿਨ੍ਹਾਂ ਨੂੰ ਸਨਮਾਨ ਵਜੋਂ ਅਸੀਂ ਕਈ ਵਾਰ ਸੰਤ, ਮਹਤਮਾ, ਮਹਾਂ ਪੰਡਤ, ਪੈਗੰਬਰ, ਜਾਂ ਬਾਬੇ ਦਾ ਨਾਂ ਵੀ ਦਿੰਦੇ ਹਾਂ—ਸਾਨੂੰ ਧਾਰਮਕ ਜਨੂੰਨ, ਅੰਧਵਿਸ਼ਵਾਸ ਅਤੇ ਸੰਕੀਰਣਤਾ ਦੀ ਜਹਾਲਤ ਵਿਚੋਂ ਨਿਕਲਣ ਲਈ ਉਪਦੇਸ਼ ਦਿੰਦੇ ਹਨ ਜਾਂ ਇਓਂ ਕਹਿ ਲਓ ਕਿ ਸਾਡੇ ਸਾਹਮਣੇ ਜੀਉਣ ਦੇ ਕੁਝ ਸਰਲ ਅਤੇ ਸਪਸ਼ਟ ਨਿਯਮ ਜਾਂ ਅਸੂਲ ਆਪਣੇ ਸਮੇਂ ਦੀਆਂ ਸਮਾਜਕ—ਸਭਿਆਚਾਰਕ ਹਾਲਤਾਂ ਦੇ ਪ੍ਰਸੰਗ ਵਿਚ ਰਖਦੇ ਹਨ—ਪਰ ਯਾਦ ਰਖਣ ਵਾਲੀ ਗੱਲ ਇਹ ਹੈ ਕਿ ਇਹ ਸਾਰਾ ਕੁਝ ਉਸ ਵਿਸ਼ੇਸ਼ ਯੁਗ ਦੀਆਂ ਹਾਲਤਾਂ ਅਨੁਸਾਰ ਹੀ ਹੁੰਦਾ ਹੈ ਹਮੇਸ਼ਾ ਲਈ ਨਹੀਂ—ਕੁਝ ਸਾਂਝੇ ਅਸੂਲ ਹੀ ਹਮੇਸ਼ਾ ਲਈ ਹੁੰਦੇ ਹਨ । ਬਾਬੇ ਨਾਨਕ ਨੇ ਵੀ ਮਹਾਤਮਾ ਬੁਧ ਵਾਂਗ ਹੀ ਅਜ ਤੋਂ ਪੰਜ ਕੁ ਸੌ ਸਾਲ ਪਹਿਲਾਂ ਮਧਯੁਗ ਵਿਚ ਧਾਰਮਕ ਜਨੂੰਨ ਅਤੇ ਅੰਧਵਿਸ਼ਵਾਸ਼ ਵਿਚ ਭਟਕੇ ਹੋਏ ਲੋਕਾਂ ਨੂੰ ਜਿਸ ਜਹਾਲਤ ਵਿਚੋਂ ਕਢਣ ਲਈ ਇਕ ਸਭਿਆਚਾਰਕ ਲਹਿਰ (ਜਾਂ ਮਨੋਵਿਗਿਆਨਕ ਲਹਿਰ) ਉਸਾਰਨ ਦੀ ਕੋਸ਼ਿਸ਼ ਕੀਤੀ ਸੀ—ਪਰ ਅਜ ਉਹਦਾ ਨਾਂ ਲੈਣ ਵਾਲੇ ਮੜ ਉਸੇ ਜਹਾਲਤ ਵਿਚ ਫਸ ਗਏ ਹਨ—ਜਿਸਦਾ, ਫਾਇਦਾ ਉਠਾਕੇ ਅਜ ਸਿਆਸੀ ਅਤੇ ਧਾਰਮਕ ਆਗੂ ਰਾਜ ਸੱਤਾ ਹਥਿਉਣ ਲਈ ਹਜ਼ਾਰਾਂ ਲੋਕਾਂ ਦੇ ਕਤਲ ਕਰਵਾ ਰਹੇ ਹਨ—ਨੁਕਸਾਨ ਕਿਸਦਾ ਹੈ—ਆਮ ਜਨਸਾਧਾਰਣ ਮਿਹਨਤਕਸ਼ ਲੋਕਾਂ ਦਾ ।

## ਬਾਬੇ ਨਾਨਕ ਨੂੰ

ਬਾਬਾ ਨਾਨਕ
ਅਜ ਤੇਰੇ ਬਾਣੇ ਵਿਚ
ਇਕੱਠੇ ਹੋ ਗਏ ਨੇ
ਸਾਰੇ ਦੇ ਸਾਰੇ ਸੱਜਣ ਠੱਗ
ਸਾਰੇ ਦੇ ਸਾਰੇ ਮਾਲਕ ਭਾਗੋ
ਹੱਥਾਂ ਵਿਚ ਸੰਗੀਨਾਂ ਲੈ ਕੇ
ਫਿਰਕੂ ਨਫਰਤ ਦੀ ਜ਼ਹਿਰ ਲੈ ਕੇ
ਭਾਈ ਲਾਲੋ ਦੇ ਹੱਕਾਂ ਦਾ ਕਤਲ ਕਰਨ ਲਈ
ਜੇ ਭੁਲ ਭੁਲੇਖੇ ਕਿਤੇ ਤੂੰ ਵੀ ਆ ਜਾਵੇਂ
ਬਚਕੇ ਨਹੀਂ ਜਾ ਸਕੇਂਗਾ
ਇਨ੍ਹਾਂ ਦੇ ਵਿਸ਼ਾਲ ਘੇਰੇ ਵਿਚੋਂ
'ਮਾਨਸ ਕੀ ਜਾਨ ਸਭ ਏਕੋ ਪਹਿਚਾਨਬੋ'
ਵਾਲਾ ਨਾਹਰਾਂ
ਹੁਣ ਇਨ੍ਹਾਂ ਨੂੰ ਪੁਗਦਾ ਨਹੀਂ
ਇਹ ਤਾਂ ਸਿਰਫ ਇਕੋ ਫਿਰਕੇ ਦਾ ਭਲਾ ਚਾਹੁੰਦੇ ਹਨ
ਜਿਨ੍ਹਾਂ ਦਾ ਇਕ ਖਾਸ ਬਾਣਾ ਹੈ
ਇਸੇ ਕਰਕੇ ਅਜ ਤੂੰ ਵੀ ਸ਼ਾਮਲ ਹੈ
ਇਨਾਂ ਦੀ ਹਿਟ ਲਿਸਟ ਵਿਚ
ਇਨ੍ਹਾਂ ਨੂੰ ਰੱਬ ਤੋਂ ਤਾਂ ਖੌਫ਼ ਆਉਂਦਾ ਹੈ
ਪਰ ਬੇਗੁਨਾਹਾਂ ਦੇ ਕਤਲ ਤੋਂ ਕੋਈ ਖੌਫ ਨਹੀਂ ਆਉਂਦਾ
ਇਕ ਮੁਦਤ ਹੋ ਗਈ ਹੈ
ਇਨ੍ਹਾਂ ਵੰਡ ਲਿਆ ਹੈ ਦੋ ਕੌਮਾਂ ਵਿਚ
ਤੇਰੇ ਬਾਲੇ ਅਤੇ ਮਰਦਾਨੇ ਨੂੰ ਵੀ
ਹੁਣ ਇਹ ਬਾਲੇ ਨੂੰ ਮਰਦਾਨੇ ਤੋਂ ਕਤਲ ਕਰਵਾਉਣਗੇ
ਤੂੰ ਤਾਂ ਬਸ ਤਮਾਸ਼ਾ ਹੀ ਦੇਖਦਾ ਰਹਿ ਜਾਵੇਂਗਾ
ਤੇਰੀ ਦਲੀਲ ਦੀ ਅਵਾਜ਼ ਦਾ ਜ਼ਵਾਬ
ਜਦੋਂ ਦਲੀਲ ਨਹੀਂ
ਬਾਰੂਦ ਦੀ ਗੋਲੀ ਦੇਵੇਗੀ

**ਪੋਸਟਸਕਰਿਪਟ :** ਇਥੇ ਸਥਾਨਕ ਕਾਲਜ ਦੇ ਇਕ ਅਧਿਆਪਕ ਦੋਸਤ ਨਾਲ ਭਾਰਤ ਵਿਚਲੀ ਮੌਜੂਦਾ ਫਿਰਕੂ ਸਥਿਤੀ ਅਤੇ ਧਾਰਮਕ ਜਨੂੰਨ ਦੀ ਪਿਛਾਖੜੀ ਲਹਿਰ ਬਾਰੇ ਵਿਚਾਰ ਵਟਾਂਦਰਾ ਕਰਦਿਆਂ ਕੁਝ ਨੁਕਤੇ ਉਭਰ ਕੇ ਸਾਹਮਣੇ ਆਏ, ਜੋ ਕਿ ਮੈਂ 'ਸਮਤਾ' ਦੇ ਪਾਠਕਾਂ ਨਾਲ ਸਾਂਝੇ ਕਰਨੇ ਲਾਹੇਵੰਦ ਸਮਝਦਾ ਹਾਂ। ਆਓ ਸੰਸਾਰ ਇਤਿਹਾਸ ਦੇ ਪ੍ਰਸੰਗ ਵਿਚ ਭਾਰਤ ਦੀ ਸਮਾਜਕ ਸਥਿਤੀ ਦੀ ਯੂਨਾਨ ਦੀ ਸਮਾਜਕ ਸਥਿਤੀ ਨਾਲ ਤੁਲਨਾ ਕਰੀਏ। ਯੂਨਾਨ ਦੇਸ਼ ਨੂੰ ਆਪਣੀ ਇਤਿਹਾਸਕ ਪਰੰਪਰਾ ਉਤੇ ਮਾਣ ਹੈ ਕਿ ਇਸਨੇ ਅੱਜ ਤੋਂ ਢਾਈ ਕੁ ਹਜ਼ਾਰ ਸਾਲ ਪਹਿਲਾਂ ਸੁਕਰਾਤ, ਥੇਲਜ਼, ਅਰਸਤੂ, ਡੈਮੋਕਰਾਈਟਸ ਅਤੇ ਹੀਰਾਕ-ਕਰਾਈਟਸ ਵਰਗੇ ਮਹਾਨ ਤਰਕ ਸ਼ਾਸਤਰੀ ਅਤੇ ਇਤਿਹਾਸਕਾਰ ਪੈਦਾ ਕੀਤੇ—ਜਿਨ੍ਹਾਂ ਨੇ ਧਾਰਮਕ ਜਨੂੰਨ ਅਤੇ ਹਰ ਕਿਸਮ ਦੇ ਅੰਧਵਿਸ਼ਵਾਸ ਨੂੰ ਵੰਗਾਰਦੇ ਹੋਏ ਆਪਣੇ ਸਮਾਜ ਵਿਚ ਤਰਕ, ਦਲੀਲ ਅਤੇ ਪ੍ਰਗਤੀਵਾਦ ਦੀ ਆਵਾਜ਼ ਨੂੰ ਬੁਲੰਦ ਕੀਤਾ। ਵਿਗਿਆਨਕ ਸੋਚ ਇਹੋ ਜਿਹਾ ਅਮੀਰ ਵਿਰਸਾ ਸੰਸਾਰ ਦੇ ਕਿਸੇ ਦੇਸ਼ ਨੂੰ ਸ਼ਾਇਦ ਨਸੀਬ ਨਹੀਂ ਹੋਇਆ। ਹੈਰਾਨੀ ਦੀ ਗੱਲ ਇਹ ਹੈ ਕਿ ਉਪਰੋਕਤ ਸਾਰੇ ਚਿੰਤਕ ਅਤੇ ਇਤਿਹਾਸਕਾਰ ਸੰਸਾਰ ਦੇ ਗੁਲਾਮਦਾਰੀ ਯੁਗ ਵਿਚ ਹੀ ਪੈਦਾ ਹੋਏ ਸਨ। ਇਥੇ ਆਪਣੇ ਪਾਠਕ ਸਾਥੀਆਂ ਦੀ ਜਾਣਕਾਰੀ ਲਈ ਮੈਂ ਇਹ ਵਿਚਾਰ ਵੀ ਸਾਂਝਾ ਕਰਨਾ ਚਾਹਾਂਗਾ ਕਿ ਇਤਿਹਾਸਕ ਤੌਰ ਤੇ ਜਾਣਿਆ ਜਾਂਦਾ (historically known first historian) ਯੂਨਾਨ ਦਾ ਪਹਿਲਾ ਇਤਿਹਾਸਕਾਰ ਥੇਲਜ਼ (624 ਈ: ਪੂਰਬ) ਪਦਾਰਥਵਾਦੀ ਸੀ ਜੋ ਕਿ ਸੁਕਰਾਤ ਤੋਂ ਵੀ ਪਹਿਲਾਂ ਪੈਦਾ ਹੋਇਆ ਸੀ। ਅਰਸਤੂ ਅਤੇ ਹੀਰਾਕਰਾਈਟਸ ਵਰਗੇ ਮਹਾਨ ਸਿਧਾਂਤਕਾਰਾਂ ਨੇ ਤਰਕ ਸ਼ਾਸਤਰ ਦੀ ਵਿਆਖਿਆ ਕਰਨ ਤੇ ਲਗਾਤਾਰ ਸਿਰਤੋੜ ਕੰਮ ਕੀਤਾ ਅਤੇ ਆਪਣੇ ਸਮਾਜ ਦੀ ਸੋਚ ਨੂੰ ਵਿਗਿਆਨਕ ਨੀਹਾਂ ਤੇ ਖੜ੍ਹਿਆਂ ਕੀਤਾ। ਸੋ ਇਹ ਗੱਲ ਬਿਲਕੁਲ ਦਰੁਸਤ ਹੈ ਕਿ ਜੇ ਯੂਨਾਨ ਵਿਚ ਅਰਸਤੂ ਜਾਂ ਹੀਰਾਕਰਾ-ਈਟਸ ਵਰਗਾ ਤਰਕ ਸ਼ਾਸਤਰੀ/ਸਿਧਾਂਤਕਾਰ ਪੈਦਾ ਨਾ ਹੋਇਆ ਹੁੰਦਾ ਤਾਂ ਉਥੇ ਵੀ ਲੋਕ ਅੱਜ ਧਰਮ ਅਤੇ ਫਿਰਕਿਆਂ ਦੀ ਜਹਾਲਤ ਵਿਚ ਭਟਕੇ ਹੋਏ ਇਕ ਦੂਸਰੇ ਦੇ ਗਲੇ ਕੱਟ ਰਹੇ ਹੁੰਦੇ। 'ਧਰਮ-ਰਖ਼ਿਆ' ਜਾਂ 'ਧਰਮ-ਯੁੱਧ' ਦੇ ਨਾਂ ਤੇ ਕਤਲੇਆਮ ਕਰ ਰਹੇ ਹੁੰਦੇ। ਅੱਜ ਭਾਰਤ ਵਿਚ ਸੰਸਾਰ ਦੀਆਂ ਸਾਮਰਾਜੀ ਤਾਕਤਾਂ ਵੀ ਇਸੇ ਧਾਰਮਕ ਜਨੂੰਨ ਨੂੰ ਇਥੋਂ ਦੇ ਲੋਕਾਂ ਵਿਚ ਫਿਰਕੋਪ੍ਰਸਤੀ ਫੈਲਾਉਣ ਲਈ ਉਨ੍ਹਾਂ ਨੂੰ ਪਾੜਨ ਲਈ ਵਰਤ ਰਹੀਆਂ ਹਨ। ਯੂਨਾਨ ਵਿਚ ਅਤੇ ਯੂਰਪ ਦੇ ਹੋਰ ਦੇਸ਼ਾਂ ਵਿਚ ਵੀ ਭਾਰਤ ਵਰਗੀਆਂ ਵਿਸਫੋਟਕ ਸਮਾਜਕ ਹਾਲਤਾਂ ਪੈਦਾ ਹੋ ਗਈਆਂ ਹੁੰਦੀਆਂ ਜੇ ਉਥੇ ਤਰਕ ਅਤੇ ਵਿਗਿਆਨਕ ਸੋਚ ਦੀ ਸਰਦਾਰੀ ਨਾ ਹੁੰਦੀ—ਉਥੇ ਵੀ ਬੇਗੁਨਾਹ ਲੋਕਾਂ ਦੇ ਕਤਲ ਨੂੰ 'ਧਰਮ ਦੀ ਰਖਿਆ' ਦਾ ਨਾਂ ਦਿਤਾ ਜਾਣਾ ਸੀ। ਅਮਰੀਕਾ ਅਤੇ ਯੂਰਪ ਵਿਚ ਨਸਲਪ੍ਰਸਤੀ ਦੇ ਨਾਂ ਤੇ ਕਦੇ ਕਦੇ ਗੜਬੜ ਜਾਂ ਕਤਲ ਹੋ ਜਾਂਦੇ ਹਨ ਪਰ ਫਿਰਕਿਆਂ ਦੇ ਨਾਂ ਤੇ ਨਹੀਂ। ਸੋ ਗੁਣਾਤਮਕ ਪੱਖ ਤੋਂ ਅਸੀਂ ਆਪਣੇ ਸਮਾਜਕ ਮਹੌਲ ਦੀ ਗੱਲ ਕਰੀਏ ਤਾਂ ਸਾਡਾ ਸਮਾਜ ਅਰਸਤੂ ਦੇ ਸਮੇਂ ਦੇ ਸਮਾਜ ਨਾਲੋਂ ਵੀ ਪਿਛਾਂਹ ਹੈ।

ਸਾਡੇ ਅਰਧ-ਜਗੀਰੂ ਸਮਾਜਕ ਪ੍ਰਬੰਧ ਦਾ ਦੁਖਾਂਤ ਇਹ ਹੈ ਕਿ ਇਹ ਬਾਲਾ ਸਾਹਬ ਦੇਵਰਸ ਅਤੇ ਭਿੰਡਰਾਂਵਾਲੇ ਵਰਗਾ ਧਾਰਮਕ ਜਨੂੰਨੀ ਜਾਂ ਬਾਲ ਠਾਕਰੇ ਅਤੇ ਜਿਨਾਹ ਵਰਗਾ ਫਿਰਕਾਪ੍ਰਸਤ ਤਾਂ ਪੈਦਾ ਕਰ ਸਕਦਾ ਹੈ ਪਰ ਕੋਈ

ਅਰਸਤੂ, ਰੂਸੋ, ਅਪਟਨ ਸਿਨਕਲੇਅਰ ਵਰਗਾ ਤਰਕ ਸ਼ਾਸਤਰੀ ਨਹੀਂ। ਭਾਰਤ ਦੇ ਇਤਿਹਾਸ ਵਿਚ ਮਹਾਂ ਪੰਡਤ-ਚਾਰਵਾਕ ਤੋਂ ਬਾਅਦ ਰਾਹੁਲ ਸੰਸਕ੍ਰਿਤਾਇਨ ਅਤੇ ਸ਼ਹੀਦ ਭਗਤ ਸਿੰਘ ਮਹਾਨ ਤਰਕਵਾਦੀ ਹੋਏ ਹਨ। ਅਜੇ ਤੱਕ ਵੀ ਹਕੀਕਤ ਇਹ ਹੈ ਕਿ ਭਗਤ ਸਿੰਘ ਦਾ ਦੇਸ਼ ਭਗਤੀ ਜਾਂ ਕੌਮਪ੍ਰਸਤੀ ਦਾ ਪੱਖ ਹੀ ਜਨ ਸਾਧਾਰਨ ਵਿਚ ਲੋਕਪ੍ਰਿਯ ਹੋਇਆ ਹੈ ਤਰਕਵਾਦ ਦਾ ਪੱਖ ਨਹੀਂ—ਸੱਚ ਤਾਂ ਇਹ ਹੈ ਕਿ ਭਗਤ ਸਿੰਘ ਦਾ ਤਰਕਵਾਦੀ ਪੱਖ ਅਜੇ ਤੱਕ ਖੱਬੇ ਪੱਖੀ ਬੁਧੀਜੀਆਂ ਦੇ ਸੀਮਤ ਵਰਗ ਵਿਚ ਵੀ ਸਥਾਪਤ ਨਹੀਂ ਹੋ ਸਕਿਆ ਹੈ। ਭਗਤ ਸਿੰਘ ਦੀ ਵਿਚਾਰਧਾਰਾ ਦੇ ਤਰਕਵਾਦੀ ਅਤੇ ਕਮਿਊਨਿਸਟ ਪੱਖ ਉਤੇ ਅੰਗਰੇਜ਼ੀ 'ਟ੍ਰਿਬਿਊਨ' ਦੇ ਮਾਰਚ 1982 ਦੇ ਅੰਕਾਂ ਵਿਚ ਬਹਿਸ ਛਿੜੀ ਸੀ ਪਰ ਜਦੋਂ ਇਤਿਹਾਸਕਾਰਾਂ ਵੱਲੋਂ ਭਗਤ ਸਿੰਘ ਦੀ ਵਿਚਾਰਧਾਰਾ ਦਾ ਤਰਕਵਾਦੀ (ਕੋਮਿਊ-ਨਿਸਟ) ਪੱਖ ਉਭਰ ਕੇ ਸਾਹਮਣੇ ਆਉਣ ਲੱਗਾ ਸੀ ਤਾਂ ਇਹ ਬਹਿਸ ਬੰਦ ਕਰ ਦਿਤੀ ਗਈ ਸੀ। ਜੇ ਭਗਤ ਸਿੰਘ ਕੁਝ ਹੋਰ ਸਮਾਂ ਜੀਉਂਦ ਰਹਿੰਦਾ ਤਾਂ ਹੋ ਸਕਦਾ ਹੈ ਕਿ ਅਰਸਤੂ ਵਾਂਗ ਉਹ ਵੀ ਸਾਨੂੰ ਤਰਕ ਸ਼ਾਸਤਰ ਬਾਰੇ ਕੁਝ ਹੋਰ ਕਿਰਤਾਂ ਦਿੰਦਾ ਅਤੇ ਸਿੱਟੇ ਵਜੋਂ ਇਥੇ ਧਾਰਮਕ ਜਨੂੰਨ ਅਤੇ ਅੰਧਵਿਸ਼ਵਾਸ ਨੂੰ ਗਹਿਰੀ ਸੱਟ ਵੱਜਦੀ! ਮਹਾਂ ਪੰਡਤ ਰਾਹੁਲ ਸੰਸਕ੍ਰਿਤਾਇਨ ਦੇ ਇਸ ਵਿਚਾਰ ਜਿਸ ਕੌਮ ਦੀ ਸਭਿਅਤਾ ਜਿੰਨੀ ਪੁਰਾਣੀ ਹੁੰਦੀ ਹੈ, ਉਹਦੀ ਮਾਨਸਿਕ ਦਾਸਤਾਂ ਦੇ ਬੰਧਨ ਉਨੇ ਹੀ ਅਧਿਕ ਹੁੰਦੇ ਹਨ.. ਅੱਖਾਂ ਬੰਦ ਕਰਕੇ ਸਾਨੂੰ ਸਮੇਂ ਦੀ ਉਡੀਕ ਨਹੀਂ ਕਰਨੀ ਚਾਹੀਦੀ। ਸਾਨੂੰ ਆਪਣੀ ਮਾਨਸਕ ਗੁਲਾਮੀ ਦੀ ਬੇੜੀ ਦੀ ਇਕ ਇਕ ਕੜੀ ਨੂੰ ਬੇਦਰਦੀ ਨਾਲ ਤੋੜ ਕੇ ਸੁੱਟ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਬਾਹਰਮੁਖੀ ਕ੍ਰਾਂਤੀ ਤੋਂ ਕਿਤੇ ਜ਼ਿਆਦਾ ਲੋੜ ਮਾਨਸਕ ਕ੍ਰਾਂਤੀ ਦੀ ਹੈ। ਸਾਨੂੰ ਸੱਜੇ ਖੱਬੇ, ਅੱਗੇ ਪਿੱਛੇ ਦੋਨਾਂ ਹੱਥੀਂ ਨੰਗੀ ਤਲਵਾਰ ਨਚਾਉਂਦੇ ਹੋਏ ਆਪਣੀਆਂ ਸਾਰੀਆਂ ਰੂੜ੍ਹੀਆਂ ਨੂੰ ਕੱਟ ਕੇ ਅੱਗੇ ਵਧਣਾ ਚਾਹੀਦਾ ਹੈ। ਕ੍ਰਾਂਤੀ ਪ੍ਰਚੰਡ ਅੱਗ ਹੈ...ਇਹ ਕੱਚੇ ਪੱਕੇ ਸਾਰੇ ਘਰਾਂ ਨੂੰ ਜਾਲ ਕੇ ਸੁਆਹ ਕਰ ਦੇਵੇਗੀ ਅਤੇ ਸਾਨੂੰ ਨਵੇਂ ਸਿਰੇ ਤੋਂ ਨਵੇਂ ਮਹਿਲ ਬਨਾਉਣ ਲਈ ਨੀਂਹ ਰੱਖਣੀ ਪਵੇਗੀ" ਨਾਲ ਇਹ ਵਿਚਾਰ ਚਰਚਾ ਖਤਮ ਕਰਕੇ ਮੈਂ ਉਮੀਦ ਕਰਦਾ ਹਾਂ ਕਿ ਇਸ ਵਿਸ਼ੇ ਤੇ ਬਹਿਸ ਹੋਰ ਅਗਾਂਹ ਤੁਰੇਗੀ।

—ਗੁਰਬਖਸ਼ ਜੱਸ

---

ਇਕ ਟਿਪਣੀ :

## ਫਿਰਕੂ ਭਰਾ-ਮਾਰ ਦੰਗਿਆਂ ਵਿਚ ਪ੍ਰੋਲਤਾਰੀਏ ਦੀ ਭੂਮਿਕਾ

ਪ੍ਰਧਾਨ ਮੰਤਰੀ ਦੀ ਹਤਿਆ ਦੇ ਬਾਅਦ ਮਧਿਆ ਪ੍ਰਦੇਸ਼ ਵਿਚ ਵਡੀ ਪੱਧਰ ਤੇ ਘੱਟ ਗਿਣਤੀ ਦੇ ਸਿਖਾਂ ਵਿਰੁਧ ਦੰਗੇ ਹੋਏ ਹਨ ਤੇ ਉਹਨਾਂ ਦਾ ਬਹੁਤ ਗਿਣਤੀ ਵਿਚ ਜਾਨ ਅਤੇ ਮਾਲ ਦਾ ਨੁਕਸਾਨ ਕੀਤਾ ਗਿਆ ਹੈ। ਮਧਿਆ ਪ੍ਰਦੇਸ਼ ਵਿਚ ਹੀ ਇਕ ਥਾਂ ਛਤੀਸਗੜ੍ਹ ਹੈ, ਜਿਸ ਵਿਚ ਸ਼ੰਕਰ ਗੂਹਾ ਨਿਉਗੀ ਮਜ਼ਦੂਰ ਲੀਡਰ ਦੀ ਅਗਵਾਈ ਵਿਚ ਇਕ ਸੰਸਥਾਂ ਛੱਤੀਸਗੜ੍ਹ ਸਰਮਿਕ ਸੰਗਠਨ ਟਰੇਡ ਯੂਨੀਅਨ ਦੇ ਕੰਮ ਵਿਚ ਸਰਗਰਮ ਹੈ। ਇਕ ਖ਼ਬਰ ਅਨੁਸਾਰ ਇਥੇ ਕੋਇਲਾ ਖਾਨਾਂ ਵਿਚ ਕੁਝ ਸਰਦਾਰ ਠੇਕੇਦਾਰ ਹਨ, ਜਿਨ੍ਹਾਂ ਦੇ ਵਿਰੁਧ ਆਦੀਵਾਸੀ ਮਜ਼ਦੂਰ ਦਾ ਬੜਾ ਤਿੱਖਾ ਸੰਘਰਸ਼ ਰਹਿੰਦਾ ਹੈ। ਦੰਗਿਆ ਦੌਰਾਨ ਇਹ ਸਰਦਾਰ ਬੜੀ ਅਸਾਨੀ ਨਾਲ ਦੰਗਿਆਂ ਦਾ ਸ਼ਿਕਾਰ ਹੋ ਸਕਦੇ ਸਨ ਪਰ ਨਿਉਗੀ ਨੇ ਇਥੇ ਅਗਵਾਈ ਦਿਤੀ ਜੇਕਰ ਅਜ ਅਸੀਂ ਫਿਰਕੂ ਅਸਰ ਦੇ ਥਲੇ ਇਹਨਾਂ ਦਾ ਕੁਝ ਵੀ ਨੁਕਸਾਨ ਹੋਣ ਦਿਤਾ ਤਾਂ ਸਾਰੀ ਜਮਾਤੀ ਲੜਾਈ ਧੁੰਦਲੀ ਪੈ ਜਾਏਗੀ। ਉਹਨਾਂ ਨੇ ਪ੍ਰੋਲਤਾਰੀ ਰਾਜਨੀਤੀ ਦਾ ਝੰਡਾ ਚੁਕਦਿਆਂ ਹੋਇਆਂ ਇਹਨਾਂ ਸਰਦਾਰ ਠੇਕੇਦਾਰਾਂ ਦੀ, ਉਹਨਾਂ ਦੇ ਟੱਬਰਾਂ ਦੀ ਅਤੇ ਹੋਰ ਘੱਟ ਗਿਣਤੀ ਦੇ ਲੋਕਾਂ ਦੀ ਪੂਰੀ ਰਖਵਾਲੀ ਕੀਤੀ ਹੈ। ਪ੍ਰੋਲ-ਤਾੜੀ ਸੰਸਥਾਵਾਂ ਹੋਰਨਾਂ ਥਾਵਾਂ ਤੇ ਅਸਰਦਾਇਕ ਤਰੀਕੇ ਨਾਲ ਇਹ ਭੂਮਿਕਾ ਕਿਉਂ ਨਹੀਂ ਨਿਭਾ ਸਕੀਆਂ, ਇਹਦਾ ਇਕ ਜ਼ਿਕਰ ਸੀ.ਓ.ਸੀ. ਸੀ.ਪੀ.ਆਈ. (ਐਮ.ਐਲ.) ਪਾਰਟੀ ਯੂਨੀਟੀ ਦੀ ਪੰਜਾਬ ਇਕਾਈ ਵਲੋਂ ਇਕ ਦਸਤਾਵੇਜ਼ 'ਤਾਨਾਸ਼ਾਹ ਇੰਦਰਾਂ ਦਾ ਕਤਲ' ਵਿਚ ਆਇਆ ਹੈ। ਇਸ ਦਾ ਇਕ ਅੰਸ਼ ਅਸੀਂ ਵਿਚਾਰ ਚਰਚਾ ਲਈ ਦੇ ਰਹੇ ਹਾਂ। —ਸੰਪਾਦਕ

---

ਦਿੱਲੀ, ਕਾਨਪੁਰ ਕਲਕੱਤਾ,—ਬਹੁਤ ਵਡੇ ਸਨਤੀ ਕੇਂਦਰ, ਆਦਿ ਸ਼ਹਿਰਾਂ ਵਿਚ, ਜਿੱਥੇ ਇਹ ਕਤਲੋਗਾਰਤ ਹੋਈ ਹੈ, ਮਜ਼ਦੂਰ ਜਥੇਬੰਦੀਆਂ ਏਟਕ ਤੇ ਸੀਟੂ ਵਿਚ, ਹਜ਼ਾਰੋਂ-ਹਜ਼ਾਰ ਪਰੋਲੇਤਾਰੀਆ ਜਥੇਬੰਦ ਹੈ। ਪਰੋਲੇਤਾਰੀਏ ਦੀ ਇੰਨੀ ਵੱਡੀ ਜਥੇਬੰਦਕ ਸ਼ਕਤੀ ਇਸ ਫਿਰਕਾਪ੍ਰਸਤ ਕਤਲੇਆਮ ਤੇ ਉਜਾੜੇ ਦੇ ਵਿਰੋਧ ਵਿਚ ਉਭਰਨੋਂ ਜ਼ੋਰਦਾਰ ਰੂਪ ਵਿਚ ਖੜੇ ਹੋਣੋਂ ਅਸਮਰਥ ਰਹੀ। ਜਿਹੜੇ ਸ਼ਹਿਰਾਂ ਜਾਂ ਸੱਨਤੀ ਕੇਂਦਰਾ ਵਿਚ ਇਹ ਕਤਲੋਗਾਰਤ ਨਹੀਂ ਹੋਈ, ਉਥੇ ਵੀ ਪਰੋਲੇਤਾਰੀਆ ਇਸ ਵਿਰੁਧ ਰਾਜਸੀ ਵਿਰੋਧ ਦੀ ਕਾਰਵਾਈ ਕਰਨ ਲਈ ਅੱਗੇ ਨਹੀਂ ਆਇਆ??? ਇਹ ਇੱਕ ਬੁਨਿਆਦੀ ਤੇ ਬਹੁਤ ਗੰਭੀਰ ਸਵਾਲ ਹੈ। ਇਸਦਾ ਮਾਰਕਸੀ-ਲੈਨਿਨੀ ਜਾਂ ਪਰੋਲੇਤਾਰੀਏ ਨਜ਼ਰੀਏ ਤੋਂ ਇਹੋ ਜਵਾਬ ਹੈ ਕਿ ਭਾਰਤ ਦੇ ਪਰੋਲੇਤਾਰੀਏ ਨੂੰ, ਸੋਧਵਾਦੀਆਂ ਤੇ ਸੁਧਾਰਵਾਦੀਆਂ ਨੇ, ਸਿਰਫ਼ ਸੁਧਾਰਾਂ ਲਈ ਘੋਲ ਕਰਨ ਤੱਕ ਸੀਮਤ ਰੱਖਕੇ ਇਨਕਲਾਬੀ ਪਹਿਲਕਦਮੀ ਤੇ ਅਮਲ ਲਈ ਨਿਪੁੰਸਕ ਬਣਾਕੇ ਰੱਖ ਦਿੱਤਾ ਹੈ। ਮਜ਼ਦੂਰ ਜਮਾਤ ਨੂੰ ਆਪਣੇ ਇਨਕਲਾਬੀ ਉਦੇਸ਼ ਤੇ ਭੂਮਿਕਾ ਤੋਂ ਔਝੜ ਪਾ ਰੱਖਿਆ ਹੈ। ਇਨਕਲਾਬੀ ਰਾਜਨੀਤੀ ਤੋਂ ਸੱਖਣਾ ਜਾਂ ਬੇਹਥਿਆਰਾ ਭਾਰਤੀ ਪਰੋਲੇਤਾਰੀਆ ਅਣਜਾਣੇ ਹੀ ਆਪਣੇ ਵਿਰੁਧ ਅਤੇ ਹਾਕਮ ਜਮਾਤਾਂ ਦੇ ਹੱਕ ਵਿਚ ਭੁਗਤ ਰਿਹਾ ਹੈ! ਸੋਧਵਾਦੀ, ਤੇ ਸੁਧਾਰਵਾਦੀ ਤੇ ਆਰਥਕਵਾਦੀ ਆਗੂਆਂ ਨੇ ਇਸ ਨੂੰ ਬੰਧਕ ਬਣਾ ਰੱਖਿਆ ਹੈ। ਆਮ ਮਿਹਨਤਕਸ਼ ਜਨਤਾ ਦਾ ਵੀ ਇਨਕਲਾਬੀ ਰਾਜਨੀਤੀ ਬਿਨਾਂ ਇਹੋ ਹਾਲ ਹੈ। ਹਰ ਇਨਕਲਾਬੀ ਨੂੰ ਇਸ ਤਾਜ਼ਾ ਨਾ ਪੱਖੀ ਤਜਰਬੇ ਤੋਂ ਗੰਭੀਰਤਾ ਨਾਲ ਸਿੱਖਣ ਦੀ ਜ਼ਰੂਰਤ ਹੈ।

.oo

# ਮਿਲਟਰੀ ਇੰਨਟੈਰੋਗੇਸ਼ਨ ਸੈਂਟਰ ਤਿਬੜੀ ਵਿਚ ਬਿਤਾਏ ਕੁਝ ਦਿਨਾਂ ਦੀ ਵਿਥਿਆ

**ਗੁਰਮੀਤ ਸਿੰਘ**

ਸਾਥੀ ਗੁਰਮੀਤ ਸਿੰਘ ਪੰਜਾਬ ਦੇ ਸਿਰਕੱਢ ਇਨਕਲਾਬੀ ਕਾਰਕੁਨਾਂ ਵਿਚੋਂ ਇਕ ਹਨ। ਉਹ ਸੀ.ਪੀ.ਆਈ. (ਐਮ.ਐਲ.ਐਸ.ਐਨ.) ਦੀ ਸੂਬਾ ਕਮੇਟੀ ਦੇ ਮੀਤ ਸਕੱਤ੍ਰ ਹਨ। ਬਟਾਲੇ ਦੇ ਕੋਲ ਕੁਝ ਹਿੰਦੂ ਮੁਸਾਫਰਾਂ ਨੂੰ ਬੱਸ 'ਚੋਂ ਕੱਢ ਕੇ ਕਤਲ ਕਰ ਦਿੱਤਾ ਗਿਆ ਸੀ, ਸਾਥੀ ਗੁਰਮੀਤ ਸਿੰਘ ਉਤੇ ਉਸ ਐਕਸ਼ਨ ਵਿਚ ਹਿੱਸਾ ਲੈਣ ਦਾ ਝੂਠਾ ਕੇਸ ਪਾਇਆ ਗਿਆ ਅਤੇ ਤਿੱਬੜੀ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਉਸ ਉਤੇ ਲਗਾਤਾਰ ਕਈ ਦਿਨ ਤਸੀਹੇ ਢਾਏ ਗਏ। ਸਾਥੀ ਗੁਰਮੀਤ ਸਿੰਘ ਦੀ ਇਹਨਾਂ ਦਿਨਾਂ ਦੀ ਡਾਇਰੀ ਅਸੀਂ ਸਮਤਾ ਦੇ ਪਾਠਕਾਂ ਲਈ ਇਥੇ ਦੇ ਰਹੇ ਹਾਂ। ਜਮਹੂਰੀ ਸ਼ਕਤੀਆਂ ,ਦਾ ਜਿਥੇ ਫਰਜ਼ ਬਣਦਾ ਹੈ ਕਿ ਉਹ ਆਪਣੇ ਲੋਕਾਂ ਨੂੰ ਫਿਰਕਾਪ੍ਰਸਤੀ ਦੇ ਜਨੂੰਨ ਤੋਂ ਖਬਰਦਾਰ ਕਰਨ, ਉਥੇ ਫੌਜੀ ਰਾਜ ਦੇ ਜਬਰ ਦੀ ਅਸਲੀਅਤ ਨੂੰ ਵੀ ਲੋਕਾਂ ਵਿਚ ਨਸ਼ਰ ਕਰਨਾ ਜ਼ਰੂਰੀ ਹੈ। / ਸੰਪਾਦਕ

19 ਸਤੰਬਰ ਦੀ ਰਾਤ ਨੂੰ ਲਗਭਗ 12 ਵਜੇ ਮਿਲਟਰੀ ਦੀ ਇਕ ਜੀਪ ਮੇਰੇ ਪਿੰਡ ਬਖਤਪੁਰ ਵਿਚ ਆਈ। ਉਨ੍ਹਾਂ ਸਿਧੇ ਮੇਰੇ ਘਰ ਜਾ ਕੇ ਮੇਰੀ ਪੁਛਗਿਛ ਕੀਤੀ। ਘਰਦਿਆਂ ਕਿਹਾ—ਉਹ ਤਾਂ ਕਦੇ ਕਦੇ ਪਿੰਡ ਆਉਂਦੇ। ਤਾਂ ਉਹ ਇਹ ਕਹਿੰਦੇ ਵਾਪਸ ਚਲੇ ਗਏ ਕਿ ਉਸ ਨੂੰ ਜਲਦੀ ਤੋਂ ਜਲਦੀ ਧਾਰੀਵਾਲ ਮਿਲਟਰੀ ਹੈੱਡ-ਕੁਵਾਟਰ ਭੇਜੋ। ਮੈਨੂੰ ਅਗਲੇ ਦਿਨ ਹੀ ਇਸ ਛਾਪੇ ਦਾ ਪਤਾ ਲਗ ਗਿਆ। ਸੋਚਿਆ ਹੋ ਸਕਦੈ ਮਿਲਟਰੀ ਨੂੰ ਗਲਤ ਫਹਿਮੀ ਹੋ ਗਈ ਹੋਵੇ ਤੇ ਇਸ ਨੂੰ ਮਿਲਕੇ ਛੇਤੀ ਦੂਰ ਕਰ ਦਿਆਂਗੇ। ਕਿਉਂਕਿ ਅਸੀਂ ਤਾਂ ਅਤ-ਵਾਦੀਆਂ ਦੇ ਸਖਤ ਖਿਲਾਫ ਹਾਂ।

21 ਸਤੰਬਰ—ਮੈਂ ਬਾਹਰੋਂ ਫੀਲਡ ਵਰਕ ਤੋਂ ਸ਼ਾਮੀ ਧਾਰੀਵਾਲ ਪੁੱਜਾ। ਮੈਨੂੰ ਅੱਗੇ ਦੋਸਤ ਗੁਲਜ਼ਾਰ ਸਿੰਘ ਤੇ ਇਕ ਹੋਰ ਸਾਥੀ ਮਿਲੇ ਤੇ ਅਸੀਂ ਚਾਹ ਪੀਣ ਬੈਠ ਗਏ। ਅਸੀਂ ਦੁਕਾਨ ਤੋਂ ਬਾਹਰ ਬੈਂਚਾਂ ਤੇ ਚਾਹ ਪੀ ਰਹੇ ਸਾਂ ਕਿ ਅਚਾਨਕ ਇਕ ਮਿਲਟਰੀ ਦੀ ਜੀਪ ਸਾਡੇ ਕੋਲ ਰੁਕੀ। ਜੀਪ ਚੋਂ 8-10 ਸਿਪਾਹੀਆਂ ਸਮੇਤ ਮੇਜਰ ਨੇ ਉਤਰਦਿਆਂ ਹੀ ਇਕ ਦੁਕਾਨਦਾਰ ਤੋਂ ਪੁਛਿਆ ਕਾਮਰੇਡ ਸੋਹਣ ਕੀ ਦੁਕਾਨ ਕੌਨ ਸੀ ਹੈ? ਇਹ ਹੈ ਸਾਥ ਵਾਲੀ ਤਾਂ ਮੇਜਰ ਨੇ ਸਾਡੇ ਕੋਲ ਆ ਕੇ ਗੁਲਜ਼ਾਰ ਨੂੰ ਉਠਾ ਲਿਆ, ਕੀ ਨਾਂ ਹੈ ਤੇਰਾ, ਗੁਲਜ਼ਾਰ ਸਿੰਘ। ਤੁਹਾਡੇ 'ਚੋਂ ਗੁਰਮੀਤ ਸਿੰਘ ਕੌਣ ਹੈ, ਗੁਲਜ਼ਾਰ ਨੇ ਮੇਰੇ ਵੱਲ ਇਸ਼ਾਰਾ ਕਰ ਦਿਤਾ, ਵੋ ਤਾਂ ਪਜਾਮਾ ਕੁੜਤਾ ਪਹਿਨਤਾ ਹੈ—ਇਨੇ ਨੂੰ ਮੈਂ ਨੇੜੇ ਚਲਾ ਗਿਆ, ਆਪ ਕਾ ਨਾਮ ਗੁਰਮੀਤ ਸਿੰਘ ਹੈ, ਹਾਂ ਜਨਾਬ, ਤੁਸੀਂ ਹਮਾਰੇ ਸਾਥ ਚਲਨਾ ਹੈ ਤੇ ਸਾਨੂੰ ਜੀਪ ਵਿਚ ਬਹਾ ਕੇ ਉਹ ਮਿਲਟਰੀ ਹੈਡ-ਕੁਵਾਟਰ ਲੈ ਗਏ। ਜਾਂਦਿਆਂ ਹੀ ਮੇਜਰ ਨੇ ਰਸੀਵਰ ਚੁਕਿਆ ਤੇ ਬੋਲਿਆ ਆਪਕਾ ਕਾਮ ਹੋ ਗਿਆ ਹੈ—ਫੌਰੀ ਆਪ ਪਾਸ ਭੇਜ ਰਹਾ ਹੂੰ—ਸ਼ਾਇਦ ਬਰਗੇਡੀ-ਅਰ ਨਾਲ ਗੱਲ ਹੋ ਗਈ ਸੀ। ਮੇਜਰ ਨੇ ਮੈਨੂੰ ਤੇ ਗੁਲਜ਼ਾਰ ਨੂੰ ਕਰੀਬ ਅੱਧਾ ਘੰਟਾ ਸਵਾਲ ਪੁਛੇ ਤਾਂ ਇਨੇ ਨੂੰ ਮਿਲਟਰੀ ਗੱਡੀ ਆ ਕੇ ਗੇਟ ਸਾਹਮਣੇ ਲਗ ਗਈ। ਸਾਨੂੰ ਗੱਡੀ ਵਿਚ ਬਿਠਾ ਕੇ 10-15 ਸਿਪਾਹੀ ਨਾਲ ਬੈਠ ਗਏ। ਅਸੀਂ ਗੁਰਦਾਸਪੁਰ ਨੂੰ ਜਾ ਰਹੇ ਸਾਂ। ਮੈਂ ਸੋਚ ਰਿਹਾ ਸਾਂ ਕਿ ਸਾਡੀ ਪਾਰਟੀ ਲਾਈਨ ਤਾਂ ਅਤਵਾਦ ਪ੍ਰਤੀ ਬਿਲਕੁਲ ਸਪੱਸ਼ਟ ਹੈ ਤੇ ਅਸੀਂ ਅਸਾਨੀ ਨਾਲ ਮਿਲਟਰੀ ਅਫਸਰਾਂ ਨੂੰ ਕਨਵਿਨਸ ਕਰ ਲਵਾਂਗੇ। ਮਿਲਟਰੀ ਗੱਡੀ ਗੌ: ਕਾਲਜ ਗੁਰਦਾਸਪੁਰ ਦੇ ਗੇਟ ਅੱਗੇ ਜਾ ਕੇ ਰੁਕੀ। ਸਾਡੀਆਂ ਅੱਖਾਂ ਸਾਡੀ ਹੀ ਪੱਗੜੀ ਨਾਲ ਤੇ ਹੱਥ ਪਿਛਲੇ ਪਾਸੇ ਕਰਕੇ ਰਸੀ ਨਾਲ ਬੰਨ ਦਿਤੇ ਗਏ। ਕਰੀਬ ਇਕ ਘੰਟਾ ਕਾਲਜ ਵਿਚ ਰੁਕਣ ਤੋਂ ਪਿਛੋਂ ਮਿਲਟਰੀ ਗੱਡੀ ਚਲਣੀ ਸ਼ੁਰੂ ਹੋਈ ਤੇ ਰੁਕਦੀ-ਰੁਕਾਂਦੀ ਇਕ ਘੰਟੇ ਬਾਅਦ ਆਪਣੀ ਮੰਜ਼ਿਲ ਤੇ ਪੁਜੀ। ਸਾਨੂੰ ਉਤਰਨ ਲਈ ਕਿਹਾ ਗਿਆ—ਇਕ ਚਾਵਾਂ ਭਰੀ ਆਵਾਜ਼ ਆਈ...ਕਿਤਨੇ ਆਏ ਬਈ। ਅਸੀਂ ਹੇਠ ਉਤਰ ਆਏ। ਸਾਨੂੰ ਅੰਨਿਆਂ ਦੀ ਤਰ੍ਹਾਂ ਬਾਹਾਂ ਤੋਂ ਫੜ ਥੋੜੇ ਕਦਮ ਅੱਗੇ ਬਹਾ ਦਿਤਾ ਗਿਆ। ਆਪ ਕਾ ਕਿਆ ਨਾਮ ਹੈ—ਇਕ ਗਰਜਵੀਂ ਅਵਾਜ਼ ਬੋਲੀ। ਅਸੀਂ ਆਪਣਾ ਨਾਂ ਤੇ ਹੋਰ ਪਤਾ ਲਿਖਵਾ ਦਿਤਾ। ਇਨ੍ਹਾਂ ਦੀਆਂ ਅੱਖਾਂ ਖੋਲ ਦਿਓ ਇਕ ਪੰਜਾਬੀ ਆਵਾਜ਼ ਨੇ ਕਿਹਾ। ਅੱਖਾਂ ਖੁਲਣ ਤੇ ਅਸੀਂ ਦੇਖਿਆ ਕਿ ਸਾਹਮਣੇ 5-6 ਅਫਸਰ ਲੋਕ ਬੈਠੇ ਸਨ, ਅੱਖਾਂ ਖੋਲਣ ਦਾ ਹੁਕਮ ਦੇਣ ਵਾਲਾ ਸਰਦਾਰ ਸੀ ਤੇ ਉਹ ਕੁਝ ਸਾਡੇ ਨਾਲ ਖਰੀਆਂ ਖਰੀਆਂ ਗੱਲਾਂ ਕਰ ਰਿਹਾ ਸੀ। ਸਾਨੂੰ ਰੋਟੀ ਪੁਛੀ ਗਈ ਤੇ ਸਾਡੀ ਇਛਾਂ ਜ਼ਾਹਰ ਕਰਨ ਤੇ ਕੁਝ ਵਧੀਆ ਘਟੀਆ ਰੋਟੀਆਂ ਤੇ ਚਾਵਲ ਖਾਣ ਲਈ ਦਿਤੇ ਗਏ। ਅਸੀਂ ਆਸੇ ਪਾਸੇ ਦੇਖ ਕੇ ਅੰਦਾਜ਼ਾ ਲਾ ਲਿਆ ਕਿ ਇਹ ਤਿਬੜੀ ਸੈਂਟਰ ਹੈ। ਕਰੀਬ 9 ਵੱਜ ਚੁਕੇ ਸਨ ਸਾਨੂੰ ਕਮਰੇ ਵਿਚ ਬੰਦ ਕਰ ਦਿਤਾ ਗਿਆ ਤੇ ਆਪੇ ਹੀ ਅੱਖਾਂ ਬੰਨ ਲੈਣ ਦਾ ਹੁਕਮ ਦਿਤਾ ਗਿਆ। ਕੁਝ ਸਮਾਂ ਖੜੇ ਰੱਖਣ ਤੋਂ

## ਘੱਟ ਗਿਣਤੀ ਵਾਲੇ ਲੋਕਾਂ ਦੀ ਰਾਖੀ

ਇੰਦਰਾ ਦੇ ਕਤਲ ਤੋਂ ਬਾਅਦ ਸਿੱਖਾਂ ਨਾਲ ਜੋ ਵਧੀਕੀਆਂ ਹੋਈਆਂ ਹਨ, ਉਸਨੇ ਹਾਲਤ ਹੋਰ ਵੀ ਗੰਭੀਰ ਬਣਾ ਦਿਤੇ ਹਨ । ਦਿੱਲੀ ਵਿਚ **People's Union for Civil Liberation** ਅਤੇ **People's Union for Democratic Rights** ਵਲੋਂ ਜਾਰੀ ਕੀਤੀ ਰਿਪੋਰਟ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਸਿਖਾਂ ਖਿਲਾਫ ਮਾਰਧਾੜ ਦੀਆਂ ਕਾਰਵਾਈਆਂ ਕਾਂਗਰਸੀ ਗੁੰਡਿਆਂ ਨੇ ਸ਼ੁਰੂ ਕੀਤੀਆਂ । ਜੇ ਸਰਕਾਰ ਚਾਹੁੰਦੀ ਤਾਂ ਹਿੰਸਕ ਕਾਰਵਾਈਆਂ ਰੋਕ ਸਕਦੀ ਸੀ । **we must condemn the government's complicity in this affair.** ਜੇ ਸਰਕਾਰ ਦਿੱਲੀ ਵਿਚ ਸਿਖਾਂ ਦੇ ਕਤਲ ਨਹੀਂ ਰੋਕ ਸਕੀ ਅਤੇ ਉਹਨਾਂ ਦੇ ਜਾਨ ਅਤੇ ਮਾਲ ਦੀ ਰਾਖੀ ਨਹੀਂ ਕਰ ਸਕੀ ਤਾਂ ਹੋਰ ਕਿਥੇ ਰੋਕ ਸਕੇਗੀ । ਇਥੇ ਕੁਛ ਰਿਪੋਰਟਾਂ ਆਈਆਂ ਹਨ ਕਿ ਕਈ ਹਜ਼ਾਰ ਸਿਖ ਹਿੰਦੁਸਤਾਨ ਦੇ ਹੋਰਨਾਂ ਹਿਸਿਆ ਵਿਚੋਂ ਪੰਜਾਬ ਆ ਰਹੇ ਹਨ । ਖਾਲਿਸਤਾਨੀ ਅਨਸਰ ਇਹੋ ਜਿਹੇ ਹਾਲਾਤ ਦੀ ਉਡੀਕ ਵਿਚ ਸਨ ਕਿਉਂਕਿ ਇਸ ਨਾਲ ਉਹਨਾਂ ਨੂੰ ਖਾਲਿਸਤਾਨ ਪ੍ਰਚਾਰ ਕਰਨ ਲਈ ਮਸਾਲਾ ਮਿਲਦਾ ਹੈ ।

ਸਾਰੀਆਂ ਜਮਹੂਰੀ ਸ਼ਕਤੀਆਂ ਲਈ ਇਹ ਜ਼ਰੂਰੀ ਹੈ ਕਿ ਇਸ ਗੱਲ ਤੇ ਵਧ ਤੋਂ ਵਧ ਜ਼ੋਰ ਦੇ ਕੇ ਪਰਚਾਰ ਕੀਤਾ ਜਾਵੇ ਕਿ ਜੇ ਹਿੰਦੁਸਤਾਨ ਵਿਚ ਘਟ ਗਿਣਤੀਆਂ ਦੇ ਹਕਾਂ ਦੀ ਰਾਖੀ ਨਹੀਂ ਕੀਤੀ ਜਾਂਦੀ ਤੇ ਉਸ ਨਾਲ ਦੇਸ਼ ਦੀ ਏਕਤਾ ਨੂੰ ਖਤਰਾ ਪੈਦਾ ਹੋਣਾ ਲਾਜ਼ਮੀ ਹੈ । ਦੇਸ਼ ਦੀ ਏਕਤਾ ਕਾਇਮ ਰੱਖਣ ਲਈ ਘੱਟ ਗਿਣਤੀਆਂ ਦੀ ਰਾਖੀ ਕਰਨੀ ਜ਼ਰੂਰੀ ਹੋ ਜਾਂਦੀ ਹੈ ।

**ਹਰਿੰਦਰ ਮਾਂਹੋਲ** (ਇਪਾਨਾ-ਕੇਨਡਾ)

---

ਬਾਅਦ ਸਾਨੂੰ ਸਾਉਣ ਲਈ ਕਿਹਾ । ਅਸੀਂ ਵੱਖੀ ਭਰਨੇ ਹੋ ਕੇ ਸੌਣ ਦੀ ਕੋਸ਼ਿਸ਼ ਕੀਤੀ ਕਿਉਂਕਿ ਪਿਛੇ ਬਾਹਾਂ ਬੰਨ੍ਹੀਆਂ ਹੋਈਆਂ ਸਨ ਪਰ ਸੁੱਤਾ ਨਹੀਂ ਸੀ ਜਾ ਰਿਹਾ ।

22 ਸਤੰਬਰ—ਸਵੇਰੇ 4 ਵਜੇ ਹੀ ਇਕ ਤੇਜ਼ ਹਿੰਦੀ ਅਵਾਜ਼ ਨੇ ਸਾਨੂੰ ਖੜੇ ਹੋ ਜਾਣ ਦਾ ਹੁਕਮ ਦਿਤਾ । 6 ਵਜੇ ਦੇ ਕਰੀਬ ਸਾਨੂੰ ਚਾਹ ਦਿਤੀ ਗਈ ਤੇ ਫਿਰ ਨਾਸ਼ਤੇ ਲਈ 2–2 ਪੂੜੀਆਂ । ਲਗ ਭਗ 9 ਵਜੇ 4–5 ਅਫਸਰ ਸਾਨੂੰ ਜਾਲੀ ਵਾਲੇ ਦਰਵਾਜ਼ੇ ਸਾਹਮਣੇ ਦੀ ਲੰਘਦੇ ਦਿਸੇ । ਅਸੀਂ ਇਸ਼ਾਰਿਆਂ ਨਾਲ ਇਕ ਦੂਜੇ ਨੂੰ ਦਸਿਆ ਕਿ ਪੁਛਗਿਛ ਵਾਲੇ ਅਫਸਰ ਹੀ ਹਨ । ਇਕ ਵਰਦੀ ਵਾਲਾ ਅਫਸਰ ਤੇ ਇਕ-ਦੋ ਸਿਪਾਹੀ ਸਾਡੇ ਕੋਲ ਆ ਗਏ । ਇਹ ਡਾਕਟਰ ਸਾਹਿਬ ਸਨ । ਆਪ ਮੁਸਲਮਾਨ ਹੋ ਜਾਂ ਸਿੱਖ . ਡਾਕਟਰ ਨੇ ਸਾਨੂੰ ਕਿਹਾ, ਜਨਾਬ ਅਸੀਂ ਸਿੱਖ ਹਾਂ ਤੇ ਫਿਰ ਸਾਨੂੰ ਨੰਗੇ ਕਰਕੇ ਸਾਡੀ ਸ਼ਨਾਖਤ ਕੀਤੀ ਗਈ । ਸ਼ਾਇਦ ਸ਼ਨਾਖਤ ਵਿਚ ਅਸੀਂ ਸਿੱਖ ਹੀ ਸਾਬਤ ਹੋਏ । ਸਾਡੀਆਂ ਅੱਖਾਂ ਫਿਰ ਬੰਨ ਦਿਤੀਆਂ ਗਈਆਂ ਤੇ ਫਿਰ ਅਸੀਂ ਨੇੜਿਓਂ ਹੀ ਅਵਾਜ਼ ਸੁਣੀ, ਗੁਲਜ਼ਾਰ ਸਿੰਘ ਨੂੰ ਲਿਆਓ, ਦੋ ਸਿਪਾਹੀ ਬਾਹਾਂ ਤੋਂ ਫੜ ਗੁਲਜ਼ਾਰ ਨੂੰ ਅਫਸਰਾਂ ਸਾਹਮਣੇ ਲੈ ਗਏ.. ਨਾਂ ਪਤਾ ਪੁਛਣ ਤੋਂ ਬਾਅਦ . ਤੇਰੇ ਗੁਰਮੀਤ ਨਾਲ ਕੀ ਸਬੰਧ ਹਨ...ਮੈਂ ਜਨਾਬ ਮਿੱਲ ਵਿਚ ਵਰਕਰ ਹਾਂ ਤੇ ਉਹ ਯੂਨੀਅਨ ਦੇ ਤੌਰ ਤੇ ਮਜ਼ਦੂਰਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ, ਇਸ ਕਰਕੇ ਜਾਣੂ ਹੈ । ਗੁਰਮੀਤ ਦੇ ਕਿਹੜੇ ਕਿਹੜੇ ਅਤਵਾਦੀਆਂ ਨਾਲ ਸਬੰਧ ਹਨ.. ਜਨਾਬ ਮੈਨੂੰ ਨਹੀਂ ਪੱਤਾ ਤੁਹਾਡੀ ਮਿਲ 'ਚੋਂ ਕਿਨੇ ਆਦਮੀ ਪਾਕਿਸਤਾਨ ਗਏ ਹਨ...ਜੀ ਕੋਈ ਪਤਾ ਨਹੀਂ.. ਸਾਲਿਓ ਤੁਹਾਨੂੰ ਸਭ ਪਤਾ ਹੈ ਤੁਸੀਂ ਇਸ ਤਰ੍ਹਾਂ ਤਾਂ ਨਹੀਂ ਦਸੋਗੇ .. ਮੈਂ ਇਹ ਗੱਲਾਂ ਨੇੜੇ ਦੇ ਕਮਰੇ ਤੋਂ ਸੁਣ ਰਿਹਾ ਸਾਂ, ਕੁਝ ਹੋਰ ਪੁਛਣ ਤੋਂ ਪਿਛੋਂ ਅਫਸਰ ਬੋਲਿਆ ਲੈ ਜਾਓ ਹਰਾਮੀ ਨੂੰ ਤੇ ਦੂਸਰੇ.. ਨੂੰ ਲਿਆਓ...ਮੈਨੂੰ ਵੀ ਪੁਛ ਗਿੱਲ ਬੋਰਡ ਅਗੇ ਖੜੇ ਕਰ ਦਿਤਾ ਗਿਆ । ਕੀ ਨਾਓਂ ਤੇਰਾ ...ਪਈ ਤੂੰ ਗੁਰੂ ਨਾਨਕ ਕਾਲਜ...ਹੜਤਾਲਾਂ ਕਰਦਾ ਰਿਹਾ ਨਾ...ਹਾਂ ਜਨਾਬ ਤਾਂ ਤੂੰ ਸਮਝ ਗਿਆ ਹੋਵੇਗਾ ਕਿ ਮੈਂ ਤੇਰੀ ਸਾਰੀ ਹਿਸਟਰੀ ਬਾਰੇ ਜਾਣਦਾ ਹਾਂ ਇਸ ਕਰਕੇ ਸੱਚ ਸੱਚ ਦਸਣਾ ਪਵੇਗਾ...ਇਹ ਦਸ ਪਈ ਤੇਰੇ ਨਾਲ ਛੀਨੇ ਬਸ ਕਾਂਡ ਵਿਚ ਕਿਹੜੇ ਕਿਹੜੇ ਹੋਰ ਆਦਮੀ ਸਨ । ਜਨਾਬ, ਅਸੀਂ ਤਾਂ ਇਨ੍ਹਾਂ ਗੱਲਾਂ ਦੇ ਸਖਤ ਵਿਰੋਧੀ ਹਾਂ । ਅਸੀਂ ਹੁਣ ਤਕ ਕਿਨੇ ਹੀ ਪੰਜਾਬ ਵਿਚ ਹਿੰਦੂ-ਸਿਖ ਏਕਤਾ ਲਈ ਪ੍ਰੋਗਰਾਮ ਕੀਤੇ ਹਨ । ਸਾਡਾ ਇਕ ਸਾਥੀ ਸੁਖਰਾਜ ਖਦਰ ਅਤਵਾਦੀਆਂ ਹਥੋਂ ਮਾਰਿਆ ਵੀ ਗਿਆ ਹੈ ਤੇ ਅਤਵਾਦੀ ਮੇਰਾ ਵੀ ਪਿਛਾ ਕਰਦੇ ਰਹੇ ਹਨ.. ਹਰਾਮੀਓ ਮੈਂ ਸਭ ਜਾਣਦਾ ਹਾਂ ਕਿ ਤੁਸੀਂ ਲਿਖਦੇ ਕਹਿੰਦੇ ਕੁਝ ਹੋਰ ਹੈ ਤੇ ਕਰਦੇ ਕੁਝ ਹੋਰ...ਅਛਾ ਪਹਿਲਾ ਇਹ ਦੱਸ ਕਿ ਤੂੰ 12 ਫਰਵਰੀ 1981 ਨੂੰ ਇਕ ਅਹਿਮ ਗਲ ਕੀਤੀ ਸੀ ਉਹ ਕੀ ਸੀ । ਥੋੜਾ ਸੋਚਣ ਤੋਂ ਪਿਛੋਂ ਮੈਂ ਕਿਹਾ ਜਨਾਬ ਕੋਈ ਹੜਤਾਲ ਵਗੈਰਾ ਹੋ ਸਕਦੀ ਹੋ...ਨਹੀਂ...ਤੂੰ ਸੁਖਜਿੰਦਰ ਸਿੰਘ ਰਾਹੀਂ ਭਿੰਡਰਾਂਵਾਲੇ ਨਾਲ ਮੀਟਿੰਗ ਕੀਤੀ ਸੀ ।.. ਮੈਨੂੰ ਖਿਆਲ ਆਇਆ...ਜਨਾਬ ਮੈਂ ਤਾਂ ਉਸ ਸਮੇਂ ਬਸ ਕਰਾਇਆ ਘੋਲ ਕਰਕੇ ਜੇਲ੍ਹ ਵਿਚ ਸਾਂ । ਹੂੰ ! ਕਹਾਣੀ ਸੋਹਣੀ ਬਨਾਉਣੀ ਜਾਣਦਾ ਹਾਂ । ਮੈਨੂੰ ਪਤਾ ਹੈ ਕਿ ਤੂੰ ਜੁਤੀਆਂ ਕਾਫ਼ੀ ਖਾਣ ਗਿਜ਼ਾ ਹੈਂ । ਸਦਰ ਥਾਣੇ ਦਾ

ਐਸ. ਐਚ, ਓ. ਤੈਨੂੰ ਕਈ ਦਿਨ ਜੁਤੀਆਂ ਮਾਰਦਾ ਰਿਹਾ ਪਰ ਤੂੰ ਕੁਝ ਬਕਿਆ ਨਹੀਂ ਸੀ ਪਰ ਬਚੂ ਇਹ ਪੁਲੀਸ ਨਹੀਂ ਮਿਲਟਰੀ ਹੈ ਇਥੇ ਤੂੰ ਹੀ ਨਹੀਂ ਤੇਰਾ ਬਾਪ ਵੀ ਮੰਨੇਗਾ। ਜਨਾਬ. ਓ ਬੰਦ ਕਰ ਬਕਵਾਸ ਜਨਾਬ-ਜਨਾਬ ਦੀ.. ਤੈਥੋਂ ਸੰਭ ਕੁਝ ਪੁਛ ਲਵਾਂਗਾ। ਤੂੰ ਇਹ ਦਸ ਕਿ ਤੂੰ 12 ਦਸੰਬਰ 1983 ਨੂੰ ਧਾਰੀਵਾਲ ਵਿਚ ਕਿਹੜੀ ਇਕ ਅਹਿਮ ਘਟਨਾ ਕੀਤੀ ਸੀ ? ਮੈਂ ਜੀ ਧਾਰੀਵਾਲ ਵਿਚ ਇਨੀ ਦਿਨੀ ਇਕ ਸਫਾਈ ਮਜ਼ਦੂਰਾਂ ਦਾ ਘੋਲ ਲੜਿਆ ਸੀ.. ਓ ਨਹੀਂ.. ਜਨਾਬ ਤੁਸੀਂ ਦਸ ਦਿਤੈ-ਸਾਲਿਆ ਮੈਂ ਹੀ ਤੈਨੂੰ ਸਾਰਾ ਕੁਝ ਦਸੀ ਜਾਵਾਂ...ਤੂੰ ਸਿਖ ਸਟੂਡੈਂਟਸ ਫੈਡਰੇਸ਼ਨ ਨਾਲ ਗੁਰਦੁਆਰੇ ਬੁਰਜ ਸਾਹਿਬ ਮੀਟਿੰਗ ਕੀਤੀ ਸੀ। ਜਨਾਬ ਇਹ ਕਿਵੇਂ ਹੋ ਸਕਦਾ ਹੈ ਅਸੀਂ ਨਾਸਤਿਕ ਹਾਂ ਤੇ.. ਫੈਡਰੇਸ਼ਨ ਨਾਸਤਿਕਾ ਨੂੰ ਆਪਣਾ ਮੁਖ ਦੁਸ਼ਮਣ ਸਮਝਦੀ ਹੈ, ਤੇ ਫੈਡਰੇਸ਼ਨ ਦੀ ਸਾਰੀ ਲੜਾਈ ਫਿਰਕੂ ਹੈ ਜਿਸਦੇ ਅਸੀਂ ਸਖ਼ਤ ਵਿਰੋਧੀ ਹਾਂ.. ਗੁਰਮੀਤ ਸਿਹਾਂ...ਮੈਂ ਤੈਥੋਂ ਬੁਧੂ ਨਹੀਂ ਬਣਨ ਲਗਾ.. ਮੈਨੂੰ ਹੋਰ ਲੰਮਾ ਚੌੜਾ ਪੁਛਣ ਤੋਂ ਬਾਅਦ ਵੱਖ ਕਮਰੇ ਵਿਚ ਬੰਦ ਕਰਦਿਆ ਕਿਹਾ ਕਿ ਤੈਨੂੰ ਸੋਚਣ ਲਈ ਹੋਰ ਸਮਾਂ ਦਿਦੇ ਹਾਂ.. ਅਫਸਰੀ ਬੋਰਡ ਚਲਾ ਗਿਆ... ਅਸੀਂ ਖੜੇ ਸਾਂ ਤੇ ਖੜੇ ਰਖਣਾ ਉਹਨਾਂ ਵਲੋਂ ਅਰਾਮ ਦੇਣਾ ਸੀ.. ਲਗਭਗ 12 ਵਜੇ ਸਾਨੂੰ ਰੋਟੀ ਖਾਣ ਲਈ ਕਿਹਾ ਸਾਡੀਆਂ ਅੱਖਾਂ ਖੋਲ੍ਹ ਦਿਤੀਆਂ। ਅਸੀਂ ਬਰਾਂਡੇ ਵਿਚ ਬੈਠ ਗਏ, 6-7 ਹੋਰ ਮੁਲਜ਼ਮ ਵੀ ਹੋਰ ਕਮਰਿਆਂ 'ਚੋਂ ਬਹਾਰ ਆਏ ਮੈਂ ਕੁਝ ਚਿਹਰੇ ਪਛਾਣੇ ਜੋ ਮੇਰੀ ਨਜ਼ਰੇ ਬੇ-ਗੁਨਾਹ ਸਨ—ਉਹ ਲਤਾ ਚੌੜੀਆਂ ਕਰਕੇ ਤੁਰ ਰਹੇ ਸਨ—ਉਹ ਮੁਸ਼ਕਲ ਨਾਲ ਬੈਠੇ.. ਇਨ੍ਹਾਂ ਵਿਚ ਕੁਝ 50-60 ਸਾਲ ਦੇ ਬਜ਼ੁਰਗ ਵੀ ਸਨ ਜੋ ਸਹਿਮੇ ਹੋਏ ਨਜ਼ਰ ਆ ਰਹੇ ਸਨ। ਸਾਡਾ ਇਕ ਦੂਜੇ ਨਾਲ ਹਰ ਸਮੇਂ ਗਲਬਾਤ ਕਰਨਾ ਮਨ੍ਹਾਂ ਸੀ। ਇਸ, ਕਰਕੇ ਮੈਂ ਅੱਖਾ ਹੀ ਅੱਖਾ ਨਾਲ ਉਹਨਾਂ ਦੀ ਹਾਲਤ ਤੇ ਉਹਨਾਂ ਨਾਲ ਅਫਸੋਸ ਕੀਤਾ। ਰੋਟੀ ਖਾ ਕੇ ਅਸੀਂ ਬਰਤਨ ਸਾਫ ਕੀਤੇ ਤੇ ਫਿਰ ਇਕ ਦੂਜੇ ਵਲ ਚੋਰੀ ਨਜ਼ਰ ਦੇਖਦੇ ਆਪਣੇ ਆਪਣੇ ਕਮਰੇ ਵਿਚ ਚਲੇ ਗਏ। ਥੋੜਾ ਸਮਾਂ ਬੈਠਣ ਬਾਅਦ, ਫਿਰ ਅੱਖਾਂ ਬੰਦ ਹੱਥ ਪਿਠ ਪਿਛੇ ਤੇ ਖੜੇ ਰਹਿਣ ਦਾ ਹੁਕਮ। ਸ਼ਾਮਾ ਪੈ ਗਈਆਂ ਸਨ। ਫਿਰ ਰੋਟੀ ਖਾਣ ਲਈ ਕਿਹਾ ਗਿਆ। ਹਰ ਇਕ ਨੇਂ ਥੋੜੀ ਥੋੜੀ ਰੋਟੀ ਖਾਧੀ ਸ਼ਾਇਦ ਸਹਿਮ ਕਰਕੇ ਤੇ ਉਨੀਂਦਰੇ ਰਹਿਣ ਲਈ। ਸ਼ਾਮ 9 ਵੱਜੇ ਮਿਲਟਰੀ ਗਡੀ ਨੇ ਹੋਰ 6-7 ਨੌਜਵਾਨਾਂ ਨੂੰ ਲੈ ਕੇ ਬਰਾਂਡੇ ਨਾਲ ਪਿਠ ਆਣ ਲਾਈ। ਸੰਤਰੀ ਦੇਖ ਕੇ ਖੂਬ ਖੁਸ਼ ਨਜ਼ਰ ਆ ਰਹੇ ਸਨ। ਨੌਜਵਾਨਾ ਦੀ ਪੁਛ ਗਿਛ ਤੋਂ ਪਿਛੋਂ ਉਹਨਾਂ ਵਿਚੋਂ ਦੋ ਨੂੰ

## ਭਾਰਤੀ ਲੋਕਾਂ ਦੇ ਮੁਖ ਦੁਸ਼ਮਣ ਕੌਣ

ਸੰਪਾਦਕ ਜੀ,

ਪੰਜਾਬ ਦੀ ਸਮਸਿਆ, ਦਰਬਾਰ ਸਾਹਬ ਉਤੇ ਫੌਜੀ ਹਮਲਾ ਅਤੇ ਇੰਦਰਾ ਦੀ ਮੌਤ ਤੋਂ ਬਾਅਦ ਜੋ ਵਾਪਰਿਆ ਅਤੇ ਵਾਪਰ ਰਿਹਾ ਹੈ, ਬਾਰੇ ਅੱਜ ਕੱਲ ਪਰਚਿਆਂ ਵਿਚ ਕਾਫੀ ਵਾਦ-ਵਿਵਾਦ ਚੱਲ ਰਿਹਾ ਹੈ। ਅਸੀਂ ਵੀ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਉਣੇ ਚਾਹਾਂਗੇ।

(1) ਅਸੀਂ ਇਹ ਕਹਿੰਦੇ ਹਾਂ ਕਿ ਕੋਈ ਵੀ ਪ੍ਰਗਤੀਸ਼ੀਲ ਵਿਅਕਤੀ ਵੱਖਵਾਦੀ ਅਤੇ ਫ਼ਿਰਕਾਪ੍ਰਸਤ ਲਹਿਰਾਂ ਦਾ ਵਿਰੋਧ ਹੀ ਕਰੇਗਾ, ਜਿਨ੍ਹਾਂ ਦੇ ਅਸੀਂ ਵੀ ਸਖਤ ਵਿਰੋਧੀ ਹਾਂ।

(2) ਇਸ ਦੇ ਨਾਲ ਹੀ ਅਸੀਂ ਇਸ ਭਾਵਨਾ ਦੇ ਧਾਰਨੀ ਹਾਂ ਕਿ ਭਾਰਤ ਵਿਚ ਵੱਖਵਾਦੀ ਅਤੇ ਫਿਰਕਾਪ੍ਰਸਤ ਲਹਿਰਾਂ ਨੂੰ ਕਾਂਗਰਸ ਸਰਕਾਰ ਦੀਆਂ ਫਿਰਕੂ, ਲੋਕ-ਵਿਰੋਧੀ ਅਤੇ ਪੱਖਪਾਤੀ ਨੀਤੀਆਂ ਨੇ ਪੈਦਾ ਕੀਤਾ ਹੈ। ਸਾਡੇ ਵਿਚਾਰ ਅਨੁਸਾਰ ਇਹ ਹਾਕਮ ਹੀ ਭਾਰਤੀ ਲੋਕਾਂ ਦੇ ਮੁਖ ਦੁਸ਼ਮਣ ਹਨ, ਕਿਉਂਕਿ ਇਹਨਾਂ ਦੇ ਹਿਤ ਜਾਗੀਰਦਾਰੀ ਅਤੇ ਸਰਮਾਏਦਾਰੀ ਵਾਲੇ ਹਨ।

(3) ਸਾਡਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਭਾਰਤ ਵਿਚ ਉਠ ਰਹੀਆਂ ਵਖਵਾਦੀ ਅਤੇ ਫ਼ਿਰਕਾਪ੍ਰਸਤ ਲਹਿਰਾਂ ਤੇ ਯਕੀਨੀ ਜਿੱਤ ਤਾਂ ਹੀ ਹੋ ਸਕਦੀ ਹੈ, ਜੇ ਉਥੋਂ ਦੇ ਸੜੇ ਬੁਸੇ ਢਾਂਚੇ ਨੂੰ ਖ਼ਤਮ ਕਰਕੇ ਸਚਾ ਸੁਚਾ ਲੋਕ ਜਮ-ਹੂਰੀ ਢਾਂਚਾ ਉਸਾਰਿਆ ਜਾਵੇ।

ਕਿਉਂਕਿ ਇਹੋ ਜਿਹਾ ਲੋਕ ਜਮਹੂਰੀ ਢਾਂਚਾ ਉਸਾਰਨ ਲਈ ਰਾਜ ਸਤਾ ਹਥਿਆਉਣੀ ਪੈਣੀ ਹੈ, ਇਸ ਲਈ ਮੁੱਖ ਅਤੇ ਅਸਲ ਘੋਲ ਕੇਂਦਰੀ ਹਕੂਮਤ ਦੇ ਖਿਲਾਫ ਹੀ ਕਰਨਾ ਪਵੇਗਾ।

ਉਪਰੋਕਤ ਵਿਚਾਰ ਰਖਦੇ ਹੋਏ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਉਹ ਵਿਅਕਤੀ ਜੋ ਕੇਂਦਰੀ ਸਰਕਾਰ ਦੀਆਂ ਨੀਤੀਆਂ ਦੇ ਚੰਗੇ ਬੁਰੇ ਪ੍ਰਤੀਸ਼ਤ ਕਢਦੇ ਹਨ, ਅਸਿਧੇ ਤੌਰ ਤੇ ਕਾਂਗਰਸ ਸਰਕਾਰ ਦੀਆਂ ਨੀਤੀਆਂ ਦੇ ਸਮਰਥਕ ਅਤੇ ਹਮਦਰਦ ਹਨ। ਉਹ ਭਾਰਤੀ ਲੋਕਾਂ ਦਾ ਮੁਖ ਦੁਸ਼ਮਣ ਫਿਰਕਾਪ੍ਰਸਤ ਅਤੇ ਵੱਖਵਾਦੀ ਲਹਿਰਾਂ ਨੂੰ ਦੱਸ ਕੇ ਲੋਕਾਂ ਦੇ ਰੋਹ ਤੋਂ ਅਸਲ ਅਤੇ ਮੁਖ ਦੁਸ਼ਮਣ ਨੂੰ ਬਚਾਉਣ ਲਈ ਯੁੱਧ ਦਾ ਰੁਖ਼ ਬਦਲ ਰਹੇ ਹਨ। ਉਂਜ ਇਹਨਾਂ ਲੋਕ ਗਦਾਰਾਂ ਅਤੇ ਮੌਕਾਪ੍ਰਸਤਾਂ ਦੀ ਰੀਤ ਬੜੀ ਪੁਰਾਣੀ ਹੈ।

ਨਾਲ ਹੀ ਇਹ ਵੀ ਕਿ ਕੋਈ ਵੀ ਵਿਦੇਸ਼ੀ ਤਾਕਤ ਭਾਰਤੀ ਲੋਕਾਂ ਨੂੰ ਉਹਨਾਂ ਦੇ ਮੌਜੂਦਾ ਨਿਜ਼ਾਮ ਤੋਂ ਮੁਕਤ ਨਹੀਂ ਕਰਾ ਸਕਦੀ। ਸੱਚੇ ਲੋਕ-ਜਮਹੂਰੀ ਨਿਜ਼ਾਮ ਲਈ ਭਾਰਤੀ ਲੋਕਾਂ ਨੂੰ ਖ਼ੁਦ ਹੀ ਘੋਲ ਕਰਨਾ ਪੈਣਾ ਹੈ।

**ਬਲਦੇਵ ਬਾਵਾ, ਜਗਤਾਰ ਢਾਅ** (ਇੰਗਲੈਂਡ)

ਮੇਰੇ ਨਾਲ ਬੰਦ ਕਰ ਦਿਤਾ। ਜ਼ੁਮੇਵਾਰ ਅਫ਼ਸਰ ਆਪਣੇ ਬਿਸਤਰਿਆਂ ਵਿਚ ਜਾ ਚੁਕੇ ਸਨ। ਸੰਤਰੀਆਂ ਦੇ ਬੂਟਾ ਦਾ ਖੜਾਕਾ ਦਸ ਰਿਹਾ ਸੀ ਕਿ ਉਹ ਦਰਵਾਜ਼ਿਆਂ ਅਗੇ ਟਹਿਲ ਰਹੇ ਹਨ। ਕੁਝ ਸਮੇਂ ਬਾਅਦ ਇਕ ਸੰਤਰੀ ਨੇ ਸਾਨੂੰ ਅੱਖਾਂ ਖੋਹਲ ਦੇਣ ਲਈ ਕਿਹਾ। ਮੈਂ ਮਨ ਹੀ ਮਨ ਵਿਚ ਖੁਸ਼ੀ ਅਨੁਭਵ ਕੀਤੀ...ਸੰਤਰੀ ਨੇ ਬੈਠਕਾਂ ਮਾਰਨ ਦਾ ਹੁਕਮ ਦਿਤਾ, ਅਧੇ ਘੰਟੇ ਦੇ ਲਗਭਗ ਬੈਠਕਾਂ ਮਾਰਨ ਪਿਛੋਂ ਅਸੀਂ ਥੱਕ ਜਾਣ ਤੇ ਛਡ ਦੇਣ ਦਾ ਵਾਸਤਾ ਪਾਇਆ ਕਿਉਂਕਿ ਲਤਾਂ ਹੋਰ ਬੈਠਕਾਂ ਮਾਰਨ ਤੋਂ ਅਸਮਰਥ ਸਨ। ਨਾਇਕ ਸੰਤਰੀ ਨੇ ਅਗਲਾ ਹੁਕਮ ਦਿਤਾ ਕਿ ਲਤਾਂ ਉਪਰ ਕੰਧ ਨਾਲ ਲਗਾ ਕੇ ਜ਼ਮੀਨ ਤੇ ਹੱਥ ਰੱਖ ਕੇ ਖੜੇ ਰਹੋ. ਮੈਂ ਇਸ ਤੋਂ ਅਨਜਾਣ ਦਸਦਿਆਂ ਸੰਤਰੀ ਨੂੰ ਪਹਿਲਾ ਕਰਕੇ ਦੱਸਣ ਲਈ ਕਿਹਾ। ਸੰਤਰੀ ਨੇ ਕਰਕੇ ਦੱਸ ਦਿਤਾ ਤੇ ਅਸੀਂ ਤਿੰਨੇ ਲੱਤਾਂ ਕੰਧ ਨਾਲ ਸਿਧੀਆਂ ਉਪਰ ਕਰਕੇ ਬਾਹਾਂ ਦੇ ਭਾਰ ਖੜੇ ਹੋ ਗਏ। ਮੁਸ਼ਕਲ ਨਾਲ 10–15 ਮਿੰਟ ਹੀ ਖੜਿਆ ਗਿਆ ਮੈਂ ਤੇ ਮੇਰੇ ਨਾਲ ਦੇ ਬਾਰ 2 ਮੂੰਹ ਭਰਨੇ ਡਿੱਗ ਰਹੇ ਸਾਂ। ਜਦ ਵੀ ਅਸੀਂ ਡਿੱਗਦੇ ਸੰਤਰੀ ਖੂਬ ਹਾਸੀ ਮਾਰਦੇ ਤੇ ਫਿਰ ਪਹਿਲੀ ਪੋਜ਼ੀਸ਼ਨ ਲੈਣ ਲਈ ਕਹਿੰਦੇ। ਅਸੀਂ ਇਸ ਤਰਾਂ ਇਕ ਘੰਟਾ ਚਲਦੇ ਰਹੇ। ਮੇਰੇ ਸਾਥ ਦੇ ਨੌਜਵਾਨ ਜੋ ਇਕ 18–19 ਸਾਲ ਤੇ ਦੂਸਰਾ 20–21 ਸਾਲ ਦਾ ਸੀ, ਜ਼ਿੰਦਗੀ ਵਿਚ ਪਹਿਲੀ ਵਾਰ ਹੀ ਇਹੋ ਜਿਹੇ ਸਮੇਂ ਨਾਲ ਟਕਰਾ ਰਹੇ ਸਨ, ਉਨ੍ਹਾਂ ਦੇ ਉੱਚੀ ਉੱਚੀ ਰੋਣ ਤੇ ਉਨ੍ਹਾਂ ਨੂੰ ਚੁਪ ਰਹਿਣ ਲਈ ਕਿਹਾ ਜਾ ਰਿਹਾ ਸੀ ਤਾਂ ਜੋ ਨੇੜੇ ਸੁੱਤੇ ਅਫਸਰ ਡਿਸਟਰਬ ਨਾ ਹੋਣ। ਸਾਡੇ ਪਸੀਨੇ ਨਾਲ ਹੇਠ ਫਰਸ਼ ਗਿਲ੍ਹਾ ਹੋ ਚੁਕਾ ਸੀ। ਮੈਂ ਵੀ ਪੂਰੀ ਤਰਾਂ ਹਾਲੋਂ ਬੇਹਾਲ ਸਾਂ। ਸਾਡੀਆਂ ਮਿਨਤਾਂ ਦਾ ਸੰਤਰੀ ਉਪਰ ਕੋਈ ਅਸਰ ਨਹੀਂ ਸੀ ਹੋ ਰਿਹਾ। ਮੈਂ ਖੜਾ ਹੋ ਗਿਆ। ਓ ਸਾਲੇ ਖੜਾ ਹੋ ਗਿਆ ਆਪ... ਜਲਦੀ ਕਰੋ...ਜਨਾਬ ਨਹੀਂ ਹੋ ਰਿਹਾ.. ਕਾਫੀ ਬਹਿਸ–ਮੁਹਾਬਸੇ ਤੋਂ ਬਾਅਦ ਸੰਤਰੀ ਬੋਲਿਆ ਜੋ ਵਧ ਸਮਾਂ ਐਸੇ ਖੜਾ ਰਹੇਗਾ ਉਸਨੂੰ ਪਹਿਲਾਂ ਛੱਡ ਦਿਤਾ ਜਾਵੇਗਾ...ਮੈਨੂੰ ਪਤਾ ਸੀ ਕਿ ਮੈਂ ਵਧ ਖੜਾ ਰਹਿ ਸਕਦਾ ਹਾਂ ਪਰ ਮੈਨੂੰ ਰੋ ਰਹੇ ਸਾਥ ਦੇ ਸਾਥੀਆਂ ਉਪਰ ਤਰਸ ਆ ਰਿਹਾ ਸੀ ਤੇ ਸੰਤਰੀ ਤੇ ਗੁਸਾ। ਮੈਂ ਨਹੀਂ ਕਰ ਸਕਦਾ ਮੈਂ ਅੜ ਖੜੋਤਾ ...ਅਛਾ ਬਈ ਤੁਸੀਂ ਬੈਠ ਜਾਓ...ਇਸ ਸਾਲੇ ਕੋ ਕਰਵਾ ਲੇਤੇ ਹੈਂ। ਸੰਤਰੀ ਡੰਡਾ ਲੈ ਤੇ ਅੰਦਰ ਆਇਆ ਤੇ ਮੇਰੇ ਢਿਡ ਵਿਚ 5–7 ਡੰਡੇ ਦੀਆਂ ਹੁੱਝਾਂ ਮਾਰ ਦਿੱਤੀਆਂ। ਮੈਂ ਚੁੱਪ ਤੇ ਅੜਿਆ ਰਿਹਾ...ਚਲੋ ਇਕ ਵਾਰ ਕਰਦੇਂ ਫਿਰ ਛੋੜ ਦੇਂਗੇ ਮੈਂ ਫਿਰ ਅੜਿਆ ਰਹੇ ਤੇ ਕਿਹਾ ਆਪ ਜੇ ਹਮਾਰੀ ਇਨ ਟੈਰੋਗੇਸ਼ਨ ਕਰ ਰਹੇ ਹੋ ਤਾਂ ਹਮ ਸੇ ਪੂਛੋ ਕਿਆ ਪੂਛਤੇ ਹੋ—ਕਿਉਂਕਿ ਮੈਂ ਸੋਚ ਰਿਹਾ ਸਾਂ ਕਿ ਇਹ ਸੰਤਰੀ ਆਪਣੇ ਸ਼ੁਗਲ ਲਈ (ਪੁਲਸ ਦੀ ਤਰਾਂ) ਹੀ ਸਾਨੂੰ ਤੰਗ ਕਰ ਰਹੇ ਹਨ. ਅਛਾ ਸਵੇਰੇ ਦੇਖੇਂਗੇ ਸੰਤਰੀ ਬੁੜਬੁੜਾਂਦਾ ਬਾਹਰ ਚਲਾ ਗਿਆ...ਹੋਰ ਕਮਰਿਆਂ ਵਿਚ ਵੀ ਰੋਣ ਤੇ ਤਰਲਿਆਂ ਦੀਆਂ ਆਵਾਜ਼ਾਂ ਸਾਨੂੰ ਸਾਫ ਸੁਣ ਰਹੀਆਂ ਸਨ। ਕਸ਼ਮਕਸ਼ ਪਿਛੋਂ ਸਾਨੂੰ ਥੋੜਾ ਸਾਉਣ ਦਾ ਮੌਕਾ ਮਿਲ ਗਿਆ।

23 ਸਤੰਬਰ :—ਸੁਬਾ 4 ਵਜੇ ਤੋਂ ਉਠ ਕੇ ਫਿਰ ਬੈਠਕਾਂ ਮਾਰਨ ਦਾ ਕੰਮ ਸ਼ੁਰੂ ਕਰਵਾ ਦਿਤਾ ਗਿਆ ਸੀ। ਅੱਖਾਂ ਤੇ ਹੱਥ ਰਾਤ ਦੇ ਹੀ ਬੰਧੇ ਹੋਏ ਸਨ। ਨਾਸ਼ਤਾ ਕਰਵਾਇਆ ਗਿਆ ਤੇ ਪਹਿਲੇ ਦਿਨ ਵਾਲੇ ਟਾਈਮ ਤੇ ਹੀ ਪਹਿਲਾ ਡਾਕਟਰ ਆਇਆ ਤੇ ਫਿਰ ਪੁਛ–ਗਿਛ ਬੋਰਡ ਡਾਕਟਰ ਨੇ ਆਪਣੀ ਕੱਟੜ ਫਿਰਕੂ ਸੋਚ ਅਨੁਸਾਰ ਆਉਂਦਿਆਂ ਹੀ ਸੰਤਰੀਆਂ ਤੋਂ ਪੁਛਿਆ ਕਿਉਂ ਰਾਤ ਤਸਲੀ ਪੂਰੀ ਕਰਵਾਈ ਹੈ ਕਿ ਨਹੀਂ। ਇਨ ਸਾਲੋਂ ਕੋ ਖਿਲਆਰਾ ਹੂਆ ਤੇ ਚਲੇ ਟਾਂਗੇ ਉਪਰ ਹਾਥ ਨੀਚੇ ਡਾਕਟਰ ਨੇ ਇਕ ਹੀ ਗੱਲ ਵਿਚ ਸੰਤਰੀਆਂ ਨੂੰ ਘੂਰਿਆ ਤੇ ਸਾਨੂੰ ਨਵਾਂ ਹੁਕਮ ਦੇ ਦਿੱਤਾ। ਅਸੀਂ ਰਾਤ ਵਾਲੀ ਪੁਜ਼ੀਸ਼ਨ ਤੇ ਖੜੇ ਹੋ ਗਏ। ਰਾਤ ਵਾਲੇ ਸੰਤਰੀ ਬਦਲ ਚੁਕੇ ਸਨ ਜਿਸ ਕਰਕੇ ਸ਼ਿਕਾਇਤ ਨਾ ਹੋ ਸਕੀ। ਬੋਰਡ ਨੇ ਫਿਰ ਸਾਨੂੰ ਇਕਿਲੇ ਨੂੰ ਬੁਲਾਉਣਾ ਸ਼ੁਰੂ ਕਰ ਦਿਤਾ। ਮੈਂ ਆਪਣੇ ਸਾਥ ਦਿਆ ਨੂੰ ਹੌਲੀ–ਦਲੇਰੀ ਦੇ ਰਿਹਾ ਸਾਂ ਕਿ ਠੀਕ ਬਿਆਨ ਦੇਵੇ। ਮੈਨੂੰ ਬੁਲਾਇਆ ਗਿਆ ਫਿਰ ਪੁਰਾਣੇ ਸਵਾਲ ਮੇਰੇ ਉਪਰ ਕੀਤੇ ਗਏ ਤੇ ਮੈਂ ਫਿਰ ਵਿਆਖਿਆ ਸਹਿਤ ਉਨ੍ਹਾਂ ਸੁਵਾਲ ਦਾ ਜੁਆਬ ਦਿੱਤਾ। ਸ਼ਾਮ ਨੂੰ ਫਿਰ ਬੋਰਡ ਆਇਆ ਤੇ ਫਿਰ ਉਹੀ ਪੁਛ ਗਿਛ। 7 ਵਜੇ ਦੇ ਕਰੀਬ ਟੈਲੀਫੋਨ ਰਾਹੀਂ ਹੈਡ ਮੁਨਸ਼ੀ ਕੁਝ ਨਾ ਬੋਲ ਬੋਲ ਦਸ ਰਿਹਾ ਸੀ ਤੇ ਨਾਂਵਾਂ ਦੇ ਅਗੇ ਬਲੈਕ–ਵਾਈਟ ਰੀਮਾਰਕਸ ਵੀ ਬੋਲ ਰਿਹਾ ਸੀ। ਇਹ ਰੀਮਾਰਕਸ ਪੁਛ ਗਿਛ ਬੋਰਡ ਵਲੋਂ ਲਿਖੇ ਹੋਏ ਸਨ। ਇਨ੍ਹਾਂ ਨਾਂਵਾਂ ਵਿਚ ਸਾਡਾ ਵੀ ਨਾਂ ਬੋਲਿਆ ਗਿਆ ਪਰ ਸਾਡੇ ਨਾਂ ਨਾਲ ਬਲੈਕ ਰੀਮਾਰਕਸ ਸੀ। ਸ਼ਾਮ ਨੂੰ ਇਕ ਮਿਲਟਰੀ ਗੱਡੀ ਆਈ ਤਾਂ 6–7 ਹੋਰ ਆਦਮੀਆਂ ਦੇ ਨਾਲ ਮੈਨੂੰ ਤੇ ਗੁਲਜ਼ਾਰ ਸਿੰਘ ਨੂੰ ਬਾਹਰ ਕੱਢ ਲਿਆ ਤੇ ਤਿਆਰ ਹੋਣ ਲਈ ਕਿਹਾ। ਮੈਂ ਸੋਚ ਰਿਹਾ ਸਾਂ ਅਫਸਰੀ ਬੋਰਡ ਨੂੰ ਸਾਡੇ ਤੇ ਯਕੀਨ ਆ ਗਿਆ ਜਿਸ ਕਰਕੇ ਸਾਨੂੰ ਭੇਜਿਆ ਜਾ ਰਿਹਾ ਹੈ। ਪਰ ਮਿਲਟਰੀ ਗੱਡੀ ਥਾਨਾ ਸਦਰ ਗੁਰਦਾਸਪੁਰ ਅਗੇ ਆ ਰੁਕੀ ਤੇ 1–2 ਵਿਅਕਤੀਆਂ ਨੂੰ ਛੱਡ ਕੇ ਬਾਕੀ ਥਾਨੇ ਵਿਚ ਜਮ੍ਹਾਂ ਕਰਵਾ ਦਿਤੇ ਗਏ। 1–2 ਵਿਅਕਤੀ ਸ਼ਾਇਦ ਵਾਈਟ ਸਨ ਤੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ ਸੀ।

24 ਤੇ 25 ਨੂੰ ਅਸੀਂ ਥਾਨੇ ਵਿਚ ਹੀ ਰਹੇ। ਇਥੇ ਕੁਝ ਪਾਰਟੀ ਮੈਂਬਰ ਤੇ ਹੋਰ ਦੋਸਤ ਮਿਲੇ ਜਿਨ੍ਹਾਂ ਨੇ ਕਿਹਾ ਕਿ ਅਸੀਂ ਲਗਾਤਾਰ ਸੈਂਕੜੇ ਲੋਕ ਮਿਲਟਰੀ ਅਫਸਰਾਂ ਨੂੰ ਮਿਲਣ ਦੀ ਕੋਸ਼ਿਸ਼ ਵਿਚ ਰਹੇ ਹਾਂ ਪਰ ਉਹ ਮਿਲਣ ਤੋਂ ਇਨਕਾਰੀ ਰਹੇ ਹਨ।

25 ਸ਼ਾਮ ਨੂੰ ਥ੍ਹਾਣੇ ਵਿਚ ਉਹੀ ਨਾਇਕ ਸੂਬੇਦਾਰ ਆਇਆ ਜੋ ਸਾਨੂੰ ਇਥੇ ਛਡ ਕੇ ਗਿਆ ਸੀ ਤੇ ਮੇਰਾ ਤੇ 5-6 ਹੋਰ ਨੌਜਵਾਨਾਂ ਦਾ, ਜਿਨ੍ਹਾਂ ਦੀ ਉਮਰ 15-25 ਸਾਲ ਦੇ ਦਰਮਿਆਨ ਸੀ, ਨਾ ਬੋਲਿਆ ਗਿਆ ਅਤੇ ਸਾਨੂੰ ਫਿਰ ਤਿਬੜੀ ਸੈਂਟਰ ਲੈ ਗਏ। ਪੁਛ ਗਿਛ ਤੋਂ ਪਿਛੋਂ ਅਸੀਂ ਸਾਰੇ ਇਕ ਹੀ ਕਮਰੇ ਵਿਚ ਬੰਦ ਕਰ ਦਿਤੇ ਗਏ। ਡਿਊਟੀ ਤੇ ਨਾਇਕ ਸੰਤਰੀ ਉਹ ਹੀ ਸੀ ਜਿਸ ਨਾਲ ਸਾਡੀ ਪਹਿਲਾਂ ਕਸ਼ਮਕਸ਼ ਹੋਈ ਸੀ। ਥੋੜੀ ਦੇਰ ਬਾਅਦ ਹਨੇਰੇ ਪਏ, ਉਹ ਅੰਦਰ ਆਇਆ ਤੇ ਸਾਡੀਆਂ ਪਿਠਾਂ ਵਿਚ ਇਕ ਇਕ ਸੋਟੀ ਠਕੋਰ ਗਿਆ ਪਰ ਮੇਰੇ ਪਤਾ ਨਹੀਂ ਉਸਨੇ ਕਿਉਂ ਨਾ ਮਾਰੀ। ਦਰਵਾਜ਼ੇ ਤੋਂ ਨਾਇਕ ਸੂਬੇਦਾਰ, ਜੋ ਸਰਦਾਰ ਸੀ, ਉਸਦੀ ਆਵਾਜ਼ ਆਈ, ਪਈ ਤੂੰ ਸੋਟੀ ਲੈ ਕੇ ਕਿਉਂ ਅੰਦਰ ਗਿਆ, ਤੈਨੂੰ ਨਹੀਂ ਪਤਾ ਸੋਟੀ ਤੇ ਰਾਈਫ਼ਲ ਅੰਦਰ ਖੜਨਾ ਮਨਾ ਹੈ, ਉਹ ਨਾਇਕ ਸੰਤਰੀ ਨੂੰ ਕਹਿ ਰਿਹਾ ਸੀ। ਤਾਂ ਮੈਂ ਸਰਦਾਰ ਨੂੰ ਹਮਦਰਦੀ ਕਰਦਾ ਵੇਖ ਕੇ ਬੋਲ ਪਿਆ ਕਿ ਜਨਾਬ ਇਹ ਸਾਨੂੰ ਮਾਰ ਰਿਹਾ ਹੈ। ਸਰਦਾਰ ਸੰਤਰੀ ਨੂੰ ਘੂਰਦਾ ਵਾਪਸ ਜਾ ਕੇ ਸੌਂ ਗਿਆ। 5-7 ਮਿੰਟ ਬਾਅਦ ਹੀ ਉਹ ਸੰਤਰੀ ਅੰਦਰ ਆਇਆ ਤੇ ਉਸਨੇ ਵਡੇ ਬੂਟਾਂ ਦੇ ਠੁਡਾਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿਤਾ। ਠੁਡ ਮੇਰੀਆਂ ਵੱਖੀਆਂ ਵਿਚ ਮਾਰ ਰਿਹਾ ਸੀ ਤੇ ਕਹਿ ਰਿਹਾ ਸੀ—ਸਾਲੇ ਸ਼ਿਕਾਇਤ ਕਰਤਾ ਹੈ। 40-50 ਠੁਡ ਮਾਰਨ ਤੇ ਵੀ ਉਸਦੀ ਤਸਲੀ ਨਾ ਹੋਈ ਤੇ ਫਿਰ 5 ਮਿੰਟ ਬਾਅਦ ਹੈਡ ਮੁਨਸ਼ੀ ਨੂੰ ਲੈ ਆਇਆ ਤੇ ਫਿਰ ਉਨ੍ਹਾਂ ਦੋਨਾਂ ਨੇ ਡੰਡਿਆਂ ਤੇ ਮੁਕਿੰਆਂ ਦੀ ਵਾਛੜ ਲੈ ਆਂਦੀ। ਪੂਰੀ-ਤਸਲੀ ਕਰਨ ਤੋਂ ਬਾਅਦ ਬਾਹਰ ਚਲੇ ਗਏ। ਮੇਰੇ ਸਾਥ ਆਏ ਨੌਜਵਾਨ ਕਮਰੇ ਦੀਆਂ ਵੱਖ ਵੱਖ ਨੁਕਰਾ ਵਿਚ ਸਹਿਮੇ ਪਏ ਸਨ, ਜਦ ਬੂਟਾਂ ਦਾ ਖੜਾਕਾ ਦਰਵਾਜ਼ੇ ਤੋਂ ਦੂਰ ਗਿਆ ਤਾਂ ਮੈਂ ਉਨ੍ਹਾਂ ਨੂੰ ਹੌਸਲਾ ਦਿਤਾ, ਘਾਬਰਨਾ ਨਹੀਂ...ਕਾਫੀ ਰਾਤ ਅੱਖਾਂ ਤੇ ਹੱਥ ਬੰਨੀ ਅਸੀਂ ਖੜੇ ਰਹੇ 2-3 ਘੰਟੇ ਅਰਾਮ ਤੋਂ ਬਾਅਦ ਫਿਰ ਰੋਜ਼ ਦੀ ਤਰ੍ਹਾਂ ਸੁਬ੍ਹਾ 4 ਵਜੇ ਖੜੇ ਹੋਣ ਦਾ ਨਵੇਂ ਸੰਤਰੀ ਵਲੋਂ ਹੁਕਮ ਆਇਆ। ਟੱਟੀ-ਪਿਸ਼ਾਬ ਤੇ ਨਾਸ਼ਤੇ ਤੋਂ ਬਾਅਦ ਡਾਕਟਰ ਆ ਗਿਆ ਤੇ ਉਸ ਨੇ ਦੁਖ-ਤਕਲੀਫ ਪੁਛਣ ਦੀ ਬਿਜਾਏ ਹਰ ਰੋਜ਼ ਦੀ ਤਰਾਂ ਲਤਾ ਉਪੱਰ ਹੱਥ ਨੀਚੇ ਤੇ ਬੈਠਕਾਂ ਆਦਿ ਮਾਰਨ ਦਾ ਹੁਕਮ ਦਿਤਾ, ਪੁਛ ਗਿਛ ਬੋਰਡ ਵੀ ਆ ਚੁਕਾ ਸੀ। ਮੈਨੂੰ ਪੇਸ਼ ਕੀਤਾ ਗਿਆ। ਪੁਰਾਣੇ ਸਵਾਲਾਂ ਤੋਂ ਇਲਾਵਾ ਮੈਨੂੰ ਕਿਹਾ ਕਿ ਤੈਨੂੰ ਇਕ ਔਰਤ ਪਛਾਣਦੀ ਹੈ ਕਿ ਤੂੰ ਛੀਨੇ ਕਤਲ ਕੀਤੇ ਹਨ, ਔਰਤ ਵੀ ਅਸੀਂ ਜਲਦੀ ਲੈ ਕੇ ਆਵਾਂਗੇ ਤੈਨੂੰ ਮੰਨ ਜਾਣਾ ਚਾਹੀਦਾ ਹੈ। ਅਫਸਰ ਨੇ ਅਗੋਂ ਕਿ ਤੂੰ ਡਾਕਟਰ...(ਜੋ ਧਾਰੀਵਾਲ ਦੀ ਇਕ ਕਮਿਊਨਿਸਟ ਪਾਰਟੀ ਨਾਲ ਸਬੰਧਤ ਹੈ) ਦੇ ਕਹਿਣ ਉਪਰ ਡਾ. ਸ਼ਾਂਤੀ ਦਾ ਕਤਲ ਕੀਤਾ ਹੈ ਕਿਉਂਕਿ ਡਾਕਟਰ ਤੇਰਾ ਦੋਸਤ ਹੈ। ਜਨਾਬ ਮੇਰੀ ਪਾਰਟੀ ਡਾਕਟਰ ਨਾਲੋਂ ਵੱਖਰੀ ਹੈ। ਮੈਂ ਸੀ. ਪੀ. ਆਈ. (ਐਮ. ਐਲ.) ਨਾਲ ਸਬੰਧਤ ਹਾਂ। ਮੇਰੇ ਦਿਮਾਗ ਵਿਚ ਇਕ ਦੱਮ ਆ ਗਿਆ ਕਿ ਡਾਕਟਰ ਦੇ ਆਪਣੀ ਪਾਰਟੀ ਵਿਚ ਸਖਤ ਵਿਰੋਧ ਹਨ ਤੇ ਉਨਾਂ ਵਿਰੋਧਾਂ ਕਰਕੇ ਇਹ ਚੱਕਰ 'ਕਾਮਰੇਡਾਂ' ਦੇ ਉਘੇ ਅਸੈਂਬਲੀ ਨੇਤਾ ਵਲੋਂ ਚਲਾਇਆ ਗਿਆ ਹੈ। ਕੁਝ ਹੋਰ ਇਸ ਤਰਾਂ ਦੇ ਸਵਾਲ ਮੈਨੂੰ ਪੁਛੇ ਗਏ ਜੋ ਸਾਫ ਸਪਸ਼ਟ ਕਰਦੇ ਸਨ ਕਿ ਆਈ. ਬੀ. ਦੇ ਇਕ ਇੰਸਪੈਕਟਰ ਰਾਹੀਂ 'ਅਖੌਤੀ ਕਮਿਊਨਿਸਟ' ਨੇਤਾ ਨੇ ਇਹ ਚੱਕਰ ਚਲਾਇਆ ਹੈ। ਮੈਂ ਪੁੱਛ ਗਿਛ ਬੋਰਡ ਨੂੰ ਸਪਸ਼ਟ ਕੀਤਾ ਕਿ ਮੇਰੀ ਪਾਰਟੀ ਧਾਰੀਵਾਲ ਦੀ ਹੋਰ ਪਾਰਟੀਆਂ ਨਾਲ ਮਿਲ ਕੇ ਸਾਂਝੇ ਪਰੋਗਰਾਮ ਕਰਦੀ ਰਹੀ ਹੈ ਤੇ ਮੇਰੀ ਡਾਕਟਰ ਨਾਲ ਇਨੀ ਹੀ ਸਾਂਝ ਸੀ। ਮੇਰੇ ਨਾ ਮੰਨਣ ਤੇ ਅਫਸਰੀ ਹੁਕਮ ਚੜ੍ਹ ਗਿਆ ਇਸਦੀ ਖੂਬ ਤਸੱਲੀ ਕਰਵਾਈ ਜਾਵੇ। ਮੈਨੂੰ ਦੋ ਸੰਤਰੀ ਜ਼ਲਾਦਾਂ ਦੇ ਰੂਪ ਵਿਚ ਫੜ ਕੇ ਬਾਹਰ ਲੈ ਗਏ। ਸਾਜ਼ੋ ਸਮਾਨ ਇਕੱਠਾ ਕਰ ਲਿਆ ਗਿਆ। ਮੇਰੀਆਂ ਅੱਖਾਂ ਪਹਿਲਾਂ ਹੀ ਬੱਧੀਆਂ ਹੋਈਆਂ ਸਨ। ਮੈਨੂੰ ਬੋਂਡ(ਬਾਹਾਂ ਉਪਰ ਲੱਤਾਂ ਅੱਧੀਆਂ ਚੁਕਾ ਕੇ ਖੜੇ ਰਹਿਣਾ) ਹੋਣ ਲਈ ਕਿਹਾ, 10-15 ਮਿੰਟ ਕਰਨ ਤੋਂ ਪਿਛੋਂ ਡਾਂਗਾਂ ਦੀ ਵਾਛੜ, ਬੰਦੂਕ ਦੇ ਬੱਟ, ਹੂਰੇ, ਠੁਡੇ ਤੇ ਪਤਾ ਨਹੀਂ ਕੀ ਕੁਝ ਵੱਜਣਾ ਸ਼ੁਰੂ ਹੋ ਗਿਆ, ਫਿਰ ਲੱਤਾਂ ਉਪਰ ਬਾਹਾਂ ਨੀਚੇ, ਡਾਂਗਾਂ, ਬੱਟ, ਘਸੁੰਨ, ਠੁਡੇ ਸਾਥ ਸਾਥ ਚਲਦੇ ਰਹੇ ਤੇ ਫਿਰ ਐਕਸਰਸਾਈਜ਼ਾਂ, ਲਗਭੱਗ 9 ਵਜੇ ਤੋਂ 4 ਵਜੇ ਤੱਕ ਇਹ ਦੌਰ ਚਲਦਾ ਰਿਹਾ। ਮੈਂ ਇਸ ਸਮੇਂ ਵਿਚ 4-5 ਵਾਰ ਬੇਹੋਸ਼ ਹੋਇਆ, ਜਦ ਵੀ ਮੇਰੀ ਚੀਕ ਨਿਕਲਦੀ ਮੂੰਹ ਵਿਚ ਕੱਪੜਾ ਤੁਨ ਦਿਤਾ ਜਾਂਦਾ, ਜ਼ਿਆਦਾ ਸਾਹ ਬੰਦ ਹੋਣ ਤੇ ਬਾਹਰ ਕੱਢ ਲਿਆ ਜਾਂਦਾ ਜਾਂ ਚੀਕ ਸਮੇਂ ਪੈਰ ਦਾ ਠੁਡਾ ਹੀ ਮੂੰਹ ਵਿਚ ਦੇ ਦਿਤਾ ਜਾਂਦਾ ਤੇ ਮੈਨੂੰ ਬਾਰ ਬਾਰ ਕਿਹਾ ਜਾ ਰਿਹਾ ਸੀ ਕਿ ਸਾਲੇ ਦਸ ਕਿਤਨੇ ਆਦਮੀ ਮਾਰੇ ਹਨ। ਅਫਸਰੀ ਬੋਰਡ ਪਹਿਲਾਂ ਹੀ ਜਾ ਚੁੱਕਾ ਸੀ। ਸ਼ਾਮੀ 5 ਵਜੇ ਫਿਰ ਬੋਰਡ ਨੇ ਆ ਕੇ ਮੈਥੋਂ ਪੁੱਛ-ਗਿਛ ਸ਼ੁਰੂ ਕਰ ਦਿਤੀ ਪਰ ਮੈਂ ਕਿਵੇਂ ਮੰਨ ਜਾਂਦਾ ਕਿ ਮੇਰੇ ਅਤਵਾਦੀਆਂ ਨਾਲ

ਸਬੰਧ ਹਨ ! ਬੋਰਡ ਆਖ਼ਰ ਫਿਰ ਹੁਕਮ ਦੇ ਗਿਆ ਕਿ ਰਾਤ ਇਸਦੀ ਹੋਰ ਤਸੱਲੀ ਕਰਾਉਣੀ ਹੈ। ਮੇਰੇ ਕਮਰੇ ਵਿਚ ਬੰਦ ਨੌਜਵਾਨਾਂ ਉਪਰ ਵੀ ਬੇਤਹਾਸ਼ਾ ਜਬਰ ਕੀਤਾ ਗਿਆ। ਸ਼ਾਮ ਨੂੰ ਰੋਟੀ ਲਈ ਕਿਹਾ ਗਿਆ। ਸਰੀਰ ਰੋਟੀ ਖਾਣ ਜੋਗਾ ਨਹੀਂ ਸੀ ਰਿਹਾ। ਸੰਤਰੀ ਜ਼ਬਰਦਸਤੀ ਰੋਟੀ ਖਵਾ ਰਹੇ ਸਨ ਮੈਂ ਔਖੇ ਸੌਖੇ ਇਕ ਰੋਟੀ ਖਾਧੀ। ਰੋਟੀ ਪਿਛੋਂ ਫਿਰ ਖੜੇ ਰਹਿਣ ਦਾ ਹੁਕਮ ਸੀ ਪਰ ਮੈਥੋਂ ਖਲੋਤਾ ਨਹੀਂ ਸੀ ਜਾ ਰਿਹਾ ਮੈਂ ਬਾਰ ਬਾਰ ਡਿਗ ਰਿਹਾ ਸਾਂ ਤੇ ਇਸ ਕਰਕੇ ਮੈਨੂੰ ਬਾਰ ਬਾਰ ਠੁੱਡੇ ਵੱਜ ਰਹੇ ਸਨ। ਕਰੀਬ ਰਾਤ ਦੇ 9 ਵੱਜ ਚੁਕੇ ਸਨ। ਮੈਂ ਇਕੱਲਾ ਹੀ ਬੰਦ ਸਾਂ। 4-5 ਅਫਸਰ ਸ਼ਰਾਬ ਵਿਚ ਗੁਟ ਹੋਏ ਆਏ। ਸੰਤਰੀ ਬੋਲਿਆ 'ਇਹ ਸਾਲਾ ਬਹੁਤ ਪੱਕਾ ਖਾਲਿਸਤਾਨੀ ਹੈ। ਕੁਝ ਵੀ ਮਾਨ (ਮੰਨ) ਨਹੀਂ ਰਿਹਾ। ਅਫਸਰ ਅੰਦਰ ਆ ਗਏ। ਮੇਰੀ ਲਤਾਂ ਪਾੜਨੀਆਂ ਸ਼ੁਰੂ ਕਰ ਦਿਤੀਆਂ। ਮੈਂ ਬਾਰ ਬਾਰ ਬੇਹੋਸ਼ ਹੋ ਰਿਹਾ ਸਾਂ। ਤਾਂ ਇਹ ਸੱਚ ਹੈ.ਕਿ ਉਹ ਸ਼ੁਗਲ ਵਜੋਂ ਇਹ ਕਾਰਵਾਈ ਕਰੀ ਜਾ ਰਹੇ ਸੀ। ਮੈਂ ਅਰਧ ਬੇਹੋਸ਼ੀ ਦੀ ਹਾਲਤ ਵਿਚ ਰਾਤ ਕੱਟੀ। ਪਾਣੀ ਮੰਗਣ ਤੇ ਵੀ ਨਾ ਦਿਤਾ ਗਿਆ।

27 ਸਤੰਬਰ ਸਵੇਰੇ ਨਾਸ਼ਤੇ ਲਈ ਹਰ ਰੋਜ਼ ਦੀ ਤਰ੍ਹਾਂ ਦੋ ਪੂੜੀਆਂ ਦਿਤੀਆਂ ਗਈਆਂ ਪਰ ਮੇਰੇ ਅੰਦਰ ਪੂੜੀ ਨਹੀਂ ਸੀ ਲੰਘ ਰਹੀ। ਮੈਨੂੰ ਖਾਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਮੈਂ ਆਸਤੇ ਨਾਲ ਇਕ ਨੁਕਰ ਵਿਚ ਪੂੜੀਆਂ ਲੁਕਾ ਦਿਤੀਆਂ। ਬੋਰਡ ਆ ਚੁਕਾ ਸੀ। ਪੁਛ-ਗਿਛ ਤੋਂ ਪਹਿਲਾਂ ਰੋਜ਼ਾਨਾ ਦੀ ਤਰ੍ਹਾਂ ਡਾਕਟਰ ਨੇ ਆ ਕੇ ਇਨਟੈਰੋਗੇਟ ਕਰਨਾ ਸ਼ੁਰੂ ਕਰ ਦਿਤਾ ਤੇ ਫਿਰ ਛੇਤੀ ਹੀ ਮੈਨੂੰ ਬੋਰਡ ਦੇ ਸਾਹਮਣੇ ਪੇਸ਼ ਕੀਤਾ ਗਿਆ। ਬੋਰਡ ਦੇ 4-5 ਮੈਂਬਰ ਬੈਠੇ ਸਨ ਜੋ ਸ਼ਾਇਦ ਆਈ.ਬੀ., ਸੀ.ਬੀ.ਆਈ. ਪੰਜਾਬ ਸੀ.ਆਈ.ਡੀ.,ਰਾਅ ਅਤੇ ਮਿਲਟਰੀ ਆਦਿ ਨਾਲ ਸਬੰਧਤ ਸਨ, ਉਨ੍ਹਾਂ ਫਿਰ ਮੈਨੂੰ ਛੀਨੇ ਕਾਂਡ ਬਾਰੇ ਭਿੰਡਰਾਂਵਾਲੇ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਮੀਟਿੰਗਾਂ ਬਾਰੇ ਆਦਿ ਸੁਆਲ ਪੁਛਣੇ ਸ਼ੁਰੂ ਕਰ ਦਿਤੇ ਪਰ ਮੇਰੇ ਕੋਲ ਜੁਆਬ ਇਹ ਸੀ ਕਿ ਮੈਨੂੰ ਸਾਰੇ ਕਾਸੇ ਦੀ ਕੋਈ ਜਾਣਕਾਰੀ ਨਹੀਂ। ਇਕ ਅਫਸਰ ਬੋਲਿਆ ਆਪ ਦਾ ਐਸਾ ਹਾਲ ਹੋਵੇਗਾ ਕਿ ਆਪ ਮਰਨਾ ਚਾਹੇਂਗੇ ਪਰ ਮਰਨੇ ਨਹੀਂ ਦੇਂਗੇ...ਮੈਨੂੰ ਫਿਰ ਦਰੁਸਤ ਕਰਨ ਦਾ ਹੁਕਮ ਦਿਤਾ ਗਿਆ—ਫਿਰ ਉਹੀ ਐਕਸਰਸਾਈਜ਼ਾਂ, ਉਹੀ ਠੁਡੇ, ਡੰਡੇ ਅਤੇ ਉਹੀ ਰਾਈਫਲ ਦੇ ਬੱਟ ਮੇਰੇ ਸਰੀਰ ਉਪਰ ਜ਼ੋਰ ਅਜ਼ਮਾਈ ਕਰਨ ਲਗੇ। 3-4 ਘੰਟੇ ਦੇ ਬਾਅਦ ਅਫਸਰੀ ਬੋਰਡ ਸਾਹਮਣੇ ਮੈਨੂੰ ਫਿਰ ਪੇਸ਼ ਕੀਤਾ ਗਿਆ, ਮੇਰੇ ਉਹੀ ਜਵਾਬ ਸਨ ਤੇ ਫਿਰ ਪਹਿਲੀ ਕਾਰਵਾਈ ਸ਼ੁਰੂ ਹੋ ਗਈ—ਮੈਂ ਫਿਰ ਅਰਧ ਬੇਹੋਸ਼ ਹੋ ਗਿਆ। ਮੈਂ ਹੁਣ ਆਪਣੇ ਕਮਰੇ ਵਿਚ ਡਿਗਾ ਪਿਆ ਸਾਂ। ਬਾਹਰੋਂ ਚੀਕਾਂ, ਰੋਣ ਤੇ ਤਰਲਿਆਂ ਦੀਆਂ ਅਵਾਜ਼ਾਂ ਲਗਾਤਾਰ ਆ ਰਹੀਆਂ ਸਨ। ਇਨ੍ਹਾਂ ਚੀਕਾਂ ਤੇ ਅਵਾਜ਼ਾਂ ਵਿਚ 15 ਸਾਲ ਦੇ ਨੌਜਵਾਨਾਂ ਤੋਂ ਲੈ ਕੇ 60 ਸਾਲ ਦੇ ਬਜ਼ੁਰਗ ਵੀ ਸਨ। 12 ਵਜੇ ਰੋਟੀ ਲਈ ਕਿਹਾ ਗਿਆ। ਮੈਂ ਸਿਰਫ 1-2 ਰੋਟੀਆਂ ਖਾ ਸਕਿਆ। ਸਾਹਮਣੇ ਇਕ 50 ਕੁ ਸਾਲ ਦਾ ਆਦਮੀ ਰੋਟੀ ਖਾ ਰਿਹਾ ਸੀ ਜਿਸਦੀ ਕਾਫੀ ਲੰਮੀ ਦਾੜ੍ਹੀ ਸੀ। ਕਿਉਂ ਓਏ ਬੁਢੇ ਆਪ ਕੀ ਇਸ ਦਾੜ੍ਹੀ ਕਾ ਇਕ ਕੰਬਲ ਤੋਂ ਬਨ ਸਕਤਾ ਹੈ—ਇਕ ਸੰਤਰੀ ਨੇ ਕਿਹਾ। ਬੁੱਢਾ ਗੁਸੇ ਵਿਚ ਚੁਪ ਸੀ। ਇਕ ਸੰਤਰੀ ਫਿਰ ਬੋਲਿਆ, ਸਾਲੇ ਜਾਨਤੇ ਹੈਂ ਕਿ ਹਮ 'ਆਪ' ਕੇ ਪਾਕਿਸਤਾਨ ਕੋ ਏਕ ਘੰਟੇ ਮੇਂ ਖਤਮ ਕਰ ਸਕਤੇ ਹੈਂ, ਜੇ ਹਮ 2 ਜੂਨ ਕੋ ਨਾ ਆਤੇ ਤਾਂ ਤੋ ਜਹਾਂ ਖਾਲਿਸਤਾਨ ਬਨ ਹੀ ਜਾਨਾ ਥਾ। ਸਿਪਾਹੀਆਂ ਦੇ ਬੋਲਾਂ ਤੋਂ ਸਪਸ਼ਟ ਸੀ ਕਿ ਕਿਵੇਂ ਉਨ੍ਹਾਂ ਦੇ ਮਨ ਵਿਚ ਸਿੱਖਾਂ ਨੂੰ ਪਾਕਿਸਤਾਨੀ ਏਜੰਟ ਕਹਿਣ ਤੇ ਫਿਰਕੂ ਜ਼ਹਿਰ ਕੁਟ ਕੁਟ ਭਰਿਆ ਹੋਇਆ ਸੀ।

ਸ਼ਾਮ ਦੀ ਪੁਛ ਗਿਛ ਪਿਛੋਂ ਅਫਸਰ ਫਿਰ ਹੁਕਮ ਛੱਡ ਗਏ ਕਿ ਰਾਤ ਇਸ ਕੀ ਖੂਬ ਤਸੱਲੀ ਕਰਵਾਓ .. ਲਗਭਗ 9 - 10 ਵਜੇ ਫਿਰ ਸ਼ਰਾਬ ਵਿਚ ਗੁਟ ਅਫਸਰ ਮੇਰੇ ਕਮਰੇ ਵਿਚ ਦਾਖਲ ਹੋਏ। ਮੇਰੇ ਨਾਲ ਇਕ 45 ਕੁ ਸਾਲ ਦਾ ਇਕ ਹੋਰ ਆਦਮੀ ਵੀ ਬੰਦ ਸੀ। ਮੇਰੀਆਂ ਲੱਤਾਂ ਪਾੜਨੀਆਂ ਸ਼ੁਰੂ ਕਰ ਦਿੱਤੀਆਂ ਤੇ ਇਸ ਤੋਂ ਪਿਛੋਂ ...ਐਕਸਰਸਾਈਜ਼ਾਂ ਕਰਨ ਲਈ ਕਿਹਾ ਗਿਆ...ਪਰ ਮੈਂ ਧਿਆ ਲਿਆ ਕਿ 100 ਗੰਡਾ ਤੇ 100 ਛਿਤਰ ਦੋਨੋਂ ਨਹੀਂ ਖਾਵਾਂਗੇ। ਮੇਰੇ ਅੜੀ ਕਰਨ ਤੇ ਬੈਂਤ ਦਾ ਸੋਟਾ ਮੇਰੇ ਦੁਵਾਲੇ ਫਿਰਨ ਲੱਗਾ, ਠੁਡੇ ਵਜਣ ਲਗੇ। ਡੰਡਿਆਂ ਵਜਦਿਆ ਦੀ ਚੀਸ ਮੈਂ ਬਿਨਾਂ ਹਿਲਣ-ਜੁਲਣ ਤੋਂ ਸਹੀ ਜਾ ਰਿਹਾ ਸਾਂ ਮੇਰੀ ਹਾਲਤ ਹਾਲੀ ਦੇ ਉਸ ਬੈਂਕਲ ਬਲਦ ਵਰਗੀ ਸੀ ਜਿਸ ਨੂੰ ਕਿਸਾਨੇ ਉਠਾਉਣ ਲਈ ਡੰਡੇ ਮਾਰਦਾ ਹੈ ਪਰ ਉਹ ਬਿਨਾਂ ਹਿਲੇ-ਜੁਲੇ ਦਰ੍ਹ ਵੱਟ ਜਾਂਦਾ ਹੈ ਤੇ ਕਿਸਾਨ ਸ਼ਰਮਿੰਦਾ ਹੋ ਕੇ ਮਾਰਨੋਂ ਹਟ ਜਾਂਦਾ ਹੈ। ਜਦ ਮੈਂ ਸਫਾੜ ਲੇਟਿਆ ਪਿਆ ਸਾਂ ਤਾਂ ਮੇਰਾ ਮਾਸ ਨੋਚਣਾ ਸ਼ੁਰੂ ਕੀਤਾ ਗਿਆ ਸਿਰ ਦੇ ਵਾਲ ਤੇ ਦਾੜ੍ਹੀ ਦੇ ਵਾਲ ਥੋੜੇ ਕਰਕੇ ਪੁਟੇ ਗਏ। ਪਰ ਮੈਂ ਉੱਠਣ ਦੀ ਹਾਲਤ ਵਿਚ ਨਹੀਂ ਸਾਂ ਫਿਰ ਮੈਨੂੰ ਉਹ ਇੰਝ ਹੀ ਛੱਡ ਕੇ ਚਲੇ ਗਏ ਮੈਂ ਮੂੰਹ ਵਿਚ ਪਾਣੀ ਪਾਉਣ ਦਾ ਵਾਸਤਾ ਪਾਇਆ ਪਰ ਪਾਣੀ ਸਾਰੀ ਰਾਤ ਕਿਸੇ ਨਾ ਦਿਤਾ। ਕਦੇ ਕਦੇ ਸੰਤਰੀ ਮੇਰੀ ਨਬਜ਼ ਤੇ ਹਿਕ ਆ ਕੇ ਟੋਅ ਜਾਂਦਾ ਸੀ। ਤੇ ਸੰਤਰੀ ਬੁੜਬੁੜਾਂਦਾ ਬੋਲਦਾ ਸਾਲਾ ਮਚਲਾ ਹੈ।

28 ਸਵੇਰ ਨੂੰ ..ਸਾਡੇ ਗਲਾਂ ਵਿਚ ਸਲੇਟਾਂ, ਫਲਾਣਾ ਸਿੰਘ S/O ਫਲਾਣਾ ਸਿੰਘ, ਲਟਕਾ ਕੇ ਫੋਟੋਆਂ ਲਈਆਂ ਗਈਆਂ ਤੇ ਉਸ ਤੋਂ ਬਾਅਦ ਫਿਰ ਪਹਿਲੇ ਦਿਨਾਂ ਵਰਗੀ ਕਾਰਵਾਈ। 23 ਸ਼ਾਮ ਮੈਨੂੰ ਫਿਰ ਥਾਨਾ ਸਦਰ ਗੁਰਦਾਸਪੁਰ ਲੈ ਆਂਦਾ। ਅੰਗ ਅੰਗ ਦੁਖ ਰਿਹਾ ਸੀ ਪਰ ਜਿਸ ਹਵਾਲਾਟ ਵਿਚ ਮੈਨੂੰ ਦਿਤਾ ਗਿਆ ਉਥੇ ਹੋਰ 15-20 ਆਦਮੀ ਸਨ। ਕੰਬਲ ਜਾਂ ਕਿਸੇ ਤਰਾਂ ਕੋਈ ਕਪੜਾ ਨਹੀਂ ਸੀ। ਤਿਬੜੀ ਸੈਂਟਰ ਵਿਚ 10 ਦਿਨ ਕੱਟ ਕੇ ਆਏ ਇਕ ਨੌਜਵਾਨ ਸਾਥੀ ਨੇ ਮੈਨੂੰ ਘਰ ਤੋਂ ਆਏ ਆਪਣੇ ਬਿਸਤਰੇ ਤੇ ਸੁਵਾ ਦਿੱਤੋ। ਪਰ ਹੇਠ ਅੰਗ ਕੋਈ ਨਹੀਂ ਸੀ ਲਗ ਲਗ ਰਿਹਾ। ਸਾਰੀ ਰਾਤ ਪਹਿਲੀਆਂ ਰਾਤਾਂ ਦੀ ਤਰਾਂ ਚੀਸਾਂ ਵਿਚ ਕਟੀ। 29 ਨੂੰ ਵੀ ਮੈਂ ਇਥੇ ਰਿਹਾ ਤੇ 29ਸ਼ਾਮ ਨੂੰ ਮੈਨੂੰ ਫਿਰ ਤਿਬੜੀ ਲੈ ਗਏ। 30-1-2 ਅਕਤੂਬਰ ਮੇਰੇ ਨਾਲ ਕਰੀਬ 2 ਪਹਿਲਾਂ ਦੀ ਤਰ੍ਹਾਂ ਹੀ ਵਾਪਰਦਾ ਰਿਹਾ। ਮੈਨੂੰ ਤਿੰਨੇ ਦਿਨ ਇਕੱਲਾ ਰਖਿਆ ਗਿਆ ਤੇ ਮੁਕਾਬਲਾ ਬਨਾਉਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ। 2 ਸ਼ਾਮ ਨੂੰ ਮੈਂ ਫਿਰ ਗੁਰਦਾਸਪੁਰ ਆ ਗਿਆ। 4 ਅਕਤੂਬਰ ਨੂੰ ਮੈਨੂੰ ਪੰਜਾਬ ਸੀ. ਆਈ. ਡੀ. ਦੇ ਕਹਿਣ ਤੇ ਛੱਡ ਦਿੱਤਾ ਗਿਆ। ਮੈਂ ਪਿੰਡ ਪਹੁੰਚਿਆ ਤੇ ਘਰ ਵਿਚ ਡਾਕਟਰੀ ਇਲਾਜ ਕਰਨ ਲੱਗਾ। ਪਰ 11 ਅਕਤੂਬਰ ਨੂੰ, ਜਿਸ ਸਮੇਂ ਮੈਂ ਸੱਖਤ ਨਮੂਨੀਏ ਬੁਖਾਰ ਦੀ ਹਾਲਤ ਵਿਚ ਬੀਮਾਰ ਸਾਂ, ਕਲਾਨੌਰ ਦੀ ਪੁਲੀਸ ਨੇ ਆ ਕੇ ਗ੍ਰਿਫਤਾਰ ਕਰ ਲਿਆ ਤੇ ਇਸ ਸਖਤ ਬੀਮਾਰੀ ਦੀ ਹਾਲਤ ਵਿਚ ਮੈਂ 18 ਅਕਤੂਬਰ ਤਕ ਥਾਨਾ ਕਲਾਨੌਰ ਵਿਚ ਬੰਦ ਰਿਹਾ। ਮੇਰਾ ਕੋਈ ਸਰਕਾਰੀ ਇਲਾਜ ਨਾ ਕੀਤਾ ਗਿਆ ਤੇ ਮੈਂ ਥਾਨੇ ਵਿਚ ਵੀ ਪ੍ਰਾਈਵੇਟ ਤੌਰ ਤੇ ਇਲਾਜ ਕਰਦਾ ਰਿਹਾ। 18 ਸ਼ਾਮ ਮੈਨੂੰ ਰਿਹਾ ਕਰ ਦਿਤਾ ਗਿਆ। ਸ਼ਾਇਦ ਇਸ ਕਰਕੇ ਕਿ ਪੀ. ਯੂ. ਸੀ. ਐਲ. ਵਲੋਂ ਮੇਰੇ ਸਬੰਧਤ ਹੈਬੀਅਸ ਕਾਰਖਸ ਐਕਟ ਅਧੀਨ ਰਿਟ ਹੋ ਚੁੱਕੀ ਸੀ ਜਿਸ ਬਾਰੇ 18 ਦੀਆਂ ਅਖ਼ਬਾਰਾਂ ਵਿਚ ਛਪ ਗਿਆ ਸੀ। oo

---

ਦੋ ਕਵਿਤਾਵਾਂ/**ਰਾਜਬੀਰ**

## ਖ਼ੰਜਰ

ਖ਼ੰਜਰ ਜੋ ਤੇਰੇ ਕੋਲ ਹੈ
ਖ਼ੰਜਰ ਜੋ ਮੇਰੇ ਕੋਲ ਹੈ
ਖੁਭੇਗਾ ਜਿਸ ਦਿਲ 'ਚ
ਉਹ ਦਿਲ
ਮਾਂ ਦਾ ਹੋਵੇਗਾ...

o

## ਮੌਸਮ

ਇਹ ਕਿਹੜੀ ਰੁੱਤ ਹੈ
ਕਿ ਸ਼ੀਸ਼ੇ ਵਰਗਾ ਪਾਣੀ
ਗੰਧਲਿਆ ਗਿਆ ਹੈ ?
ਮੌਸਮ ਕਿਹੜਾ ਹੋਇਆ ਇਹ
ਕਿ ਤਾਰੇ ਧੁੰਦ ਬਣ ਗਏ ?
ਇਹ ਕਿਹੜੀ ਰੁੱਤ ਭਲਾ
ਕਿ ਸੂਰਜ ਹੋਇਆ ਟੁਕੜੇ ਟੁਕੜੇ ?
ਕਿੱਥੇ ਗਈ ਉਨ੍ਹਾਂ ਦੀ ਆਦਤ
ਕਿ ਮਿੱਧੇ ਹੋਏ ਫੁੱਲਾਂ ਨੂੰ ਵੇਖ ਕੇ
ਮੱਥੇ 'ਤੇ ਹੱਥ ਰੱਖ ਲੈਂਦੇ ਸਨ
ਲਹੂ ਦਾ ਆਖਰੀ ਤੁਪਕਾ ਵਹਿ ਜਾਣ ਤੱਕ
ਜਿਨ੍ਹਾਂ ਸਾਬਤ ਰਹਿਣਾ ਸੀ
ਪਰ ਤੋਂ ਨਿੱਜ ਤੱਕ ਕਿਵੇਂ ਪਰਤ ਆਏ ਨੇ ?
ਮੌਸਮ ਕਿਹੜਾ ਹੋਇਆ ਇਹ
ਇਹ ਕਿਹੜੀ ਰੁੱਤ ਭਲਾ
ਉਹ ਨਹੀਂ ਜਾਣਦੇ ਕਿਹੜੇ ਵੇਲੇ
ਉਹਨਾਂ ਦਾ ਲਹੂ ਜੰਮ ਗਿਆ ਸੀ...

o (ਛਪ ਰਹੀ ਪੁਸਤਕ 'ਧੁਖਦਾ ਸ਼ਹਿਰ' ਵਿਚੋਂ)

## ਬੁੱਢੇ ਮਾਹੀਗੀਰ

**ਸੁਖਿੰਦਰ**

ਹਰ ਮੌਸਮ ਨੂੰ ਖ਼ੂਬ ਸਮਝਦੇ ਹਨ
ਬੁੱਢੇ ਮਾਹੀਗੀਰ—

ਪਾਣੀਆਂ 'ਤੇ ਜਦੋਂ ਲਾਸ਼ਾਂ ਤਰਦੀਆਂ ਹਨ
ਖ਼ੂਨੀ ਤੂਫ਼ਾਨ ਸੰਗ ਦਰਿਆ ਸੂਕਦੇ ਹਨ
ਉਹ ਆਪਣੀਆਂ ਬੇੜੀਆਂ ਪੱਤਣਾਂ 'ਤੇ ਹੀ ਰੱਖਦੇ ਹਨ.

ਖ਼ੁਸ਼ਗਵਾਰ ਮੌਸਮ ਦੀ ਉਡੀਕ ਵਿਚ
ਸੁਰੱਖਿਅਤ ਘਰਾਂ 'ਚ ਬੈਠੇ
ਚੌਰਾਸੀ ਆਸਣਾਂ ਦਾ ਪਾਠ ਕਰਦੇ
ਰੰਗ ਬਰੰਗੇ ਸ਼ਬਦਾਂ ਦੇ ਜਾਲ ਸੰਗ
ਉਹ ਰੰਗੀਨ ਤਿਤਲੀਆਂ ਫੜਦੇ ਹਨ
ਜਾਂ ਚਿਹਰਿਆਂ 'ਤੇ ਰੇਸ਼ਮੀ ਮੁਸਕਰਾਹਟਾਂ ਪਹਿਨ
ਹਵਾ 'ਚ ਪਤੰਗਾਂ ਉਡਾਣ ਦੀ ਮਸ਼ਕ ਕਰਦੇ ਹਨ

ਤੂਫ਼ਾਨ ਵਿਚ ਮਰਦੇ ਹਨ—ਪਰਿੰਦੇ
ਜੋ ਵਿਪਰੀਤ ਹਵਾਵਾਂ ਵਿਚ ਵੀ
ਉੱਡਣਾ ਚਾਹੁੰਦੇ ਹਨ

ਪਲ ਕੁ ਭਰ ਲਈ ਰੁਕੋ

ਸ਼ਾਇਦ ਤੂਫ਼ਾਨ ਰੁਕਣ ਵਾਲਾ ਹੈ
ਕਿਸ਼ਤੀਆਂ ਦਰਿਆ ਵਿਚ ਠਿਲ੍ਹ ਪੈਣਗੀਆਂ
ਫਿਰ ਹਵਾ ਵਿਚ ਲਹਿਰਾਉਣਗੇ
ਰੰਗ-ਬਰੰਗੇ ਪਰਚਮ
ਅਤੇ ਮੌਸਮੀ ਸੰਗੀਤ ਦੀਆਂ ਧੁਨਾਂ ਵੀ

ਸੁਣੋ : ਸ਼ਾਇਦ, ਪੱਤਣਾਂ 'ਤੇ ਲੱਗੀ ਹੋਈ ਕੋਈ ਕਿਸ਼ਤੀ
ਦਰਿਆ ਵਿਚ ਠਿਲ੍ਹ ਪਈ ਹੈ
ਸੁਣੋ : ਸ਼ਾਇਦ, ਕੋਈ ਤੂਫ਼ਾਨ ਬਾਰੇ
ਇਕ ਮਧੁਰ ਗੀਤ ਗਾ ਰਿਹਾ ਹੈ
ਸ਼ਾਇਦ ! ਇਹ ਸਭ ਮੌਸਮ ਸਾਫ਼ ਹੋਣ ਦੇ ਹੀ ਸੰਕੇਤ ਹੋਣ ।
o

## ਹਾਦਸਿਆਂ ਦੇ ਮੌਸਮ...

### ਪਰਮਜੀਤ ਦੇਹਲ

ਹਾਦਸਿਆਂ ਦੇ ਮੌਸਮ ਅੰਦਰ,
ਕੈਸੀ ਚੁੱਪ ਤੇ ਚਾਂ...।
ਨਾ ਕਿਧਰੇ ਕੋਈ ਚਿੜੀ ਚੂਕੇ,
ਨਾ ਹੀ ਬੋਲੇ ਕਾਂ...।
ਨਾ ਕੋਈ ਕੋਇਲ ਕੂਕੇ ਕਿਧਰੇ,
ਬਾਗੀਂ ਸੁੰਨਮ-ਛਾਂ ।

ਹਾਦਸਿਆਂ ਦੇ ਮੌਸਮ ਅੰਦਰ,
ਫਿਰਕੂ ਵਗਣ ਹਵਾਵਾਂ ।
ਵਿਚ ਪਾਣੀਆਂ ਨਫਰਤ ਘੁਲ ਗਈ,
ਜ਼ਹਿਰ ਘੁਲੀ ਵਿਚ ਸਾਹਵਾਂ ।
ਹਾਸੇ ਖੁਸ਼ੀਆਂ ਲੁੱਟ ਕੇ ਲੈ ਗਏ,
ਲਾਂਬੂ ਲਗ ਗਏ ਚਾਵਾਂ ।

ਹਾਦਸਿਆਂ ਦੇ ਮੌਸਮ ਅੰਦਰ,
ਫੋਕੇ ਮਿਲਣ ਦਿਲਾਸੇ ।
ਨਾ ਕੋਈ ਇਥੇ ਬਾਤ ਹੀ ਪੁੱਛਦਾ,
ਉਲਟ ਕਰਦੇ ਹਾਸੇ ।
ਮਜ਼੍ਹਬਾਂ ਦੀ ਜੰਗ ਛੇੜ-ਛੁੜ ਕੇ,
ਸ਼ੈਤਾਨ ਹੋ ਗਿਆ ਪਾਸੇ ।

ਆਓ ਆਪ ਕਲਮਾਂ ਵਾਲੇ!
ਕੋਈ ਜੁਗਤ ਬਣਾਈਏ ।
ਸ਼ੈਤਾਨਾਂ ਦੀ ਢਾਣੀ ਤਾਈਂ,
ਜੂਹੋਂ ਬਾਹਰ ਭਜਾਈਏ ।
ਮਹਿਕਾਂ ਤੇ ਗੁਲਜ਼ਾਰਾਂ ਵਾਲੇ,
ਮੌਸਮ ਮੋੜ ਲਿਆਈਏ ।
o

## ਮੇਰੇ ਸਾਹਮਣੇ/ਵੰਦਨਾ

ਰਾਜਧਾਨੀ ਦੀਆਂ ਸੜਕਾਂ ਉਤੇ
ਅਜੇ ਵੀ ਛਾਈ ਹੋਈ ਹੈ ਮਨਹੂਸੀਅਤ
ਸਰਕਾਰੀ ਸੂਤਰ ਕਹਿੰਦੇ ਹਨ ਕਿ ਸਥਿਤੀ ਆਮ ਵਾਂਗ ਹੈ
ਕੁਝ ਵੀ ਅਣਹੋਣਾਂ ਨਹੀਂ ਹੋਇਆ
ਧਰਤੀ ਤਾਂ ਹਿਲਦੀ ਹੀ ਹੈ ਵੱਡੇ ਦਰੱਖ਼ਤ ਦੇ ਡਿੱਗਣ ਨਾਲ
ਸਿਰ ਉਪਰੋਂ ਉਠ ਜਾਣ ਤੇ ਸਾਇਆ
ਲੁਕਾਈ ਥੋੜੀ ਜਿਹੀ ਬੇਕਾਬੂ ਤਾਂ ਹੁੰਦੀ ਹੀ ਹੈ
ਤੇ ਮੈਂ ਵੇਖਦੀ ਹਾਂ
ਕਿ ਖ਼ੂਨ ਨਾਲ ਲਾਲ ਹਨ ਸਾਰੀਆਂ ਹੀ ਸੜਕਾਂ
ਹੁਣੇ ਹੁਣੇ ਟਕਰਾਈ ਹੈ ਮੇਰੇ ਪੈਰ ਨਾਲ
ਕੋਈ ਮਨੁੱਖੀ ਖੋਪਰੀ
ਅਗਨੀ ਦੀਆਂ ਲਪਟਾਂ ਵਿਚ ਹੁਣੇ ਹੁਣੇ ਕੋਈ ਭਸਮ ਹੋਇਆ ਹੈ
ਬੇਗੁਨਾਹ ਇਨਸਾਨ ਸੀ ਕੋਈ
ਭਰਾਇਆ ਜਾ ਰਿਹਾ ਡਰੰਮੀਆਂ ਵਿਚ ਪੈਟਰੋਲ
ਬਖ਼ਸ਼ਿਆ ਨਹੀਂ ਜਾਵੇਗਾ ਕਿਸੇ ਨੂੰ ਵੀ
ਬੱਚਿਆਂ, ਬੁੱਢਿਆਂ ਤੇ ਜ਼ਨਾਨੀਆਂ ਕਿਸੇ ਨੂੰ ਵੀ ਨਹੀਂ
ਕਿਸੇ ਲਈ ਕੋਈ ਰਿਆਇਤ ਨਹੀਂ
ਅਤੇ ਮੇਰੇ ਹੀ ਸਾਹਮਣੇ ਮੇਰੇ ਕੋਲੋਂ
ਮੇਰੇ ਕੁੱਛੜ ਵਿਚੋਂ
ਮੇਰੇ ਲਾਲ ਨੂੰ ਖਿੱਚ ਲਿਆ ਗਿਆ ਹੈ
ਜਿਸ ਲਾਲ ਨੇ ਬਣਾਉਣੀ ਸੀ
ਕਲ੍ਹ ਨੂੰ ਦੇਸ਼ ਦੀ ਤਸਵੀਰ
ਹਾਕੀਆਂ ਉਲਾਰਦੀ, ਕਿਲਕਾਰੀਆਂ ਮਾਰਦੀ
ਦੌੜੀ ਆਉਂਦੀ 'ਗ਼ਮਗੀਨ' ਭੀੜ ਨੇ
ਮੈਥੋਂ ਰੋਂਦੀ ਕੁਰਲਾਉਂਦੀ ਤੋਂ
ਧਿੰਗੋਜ਼ੋਰੀ ਖਿੱਚ ਲਿਆ ਮਾਸੂਮ ਲਾਲ ਮੇਰਾ
ਪੁਲਸੀਆਂ ਉਨ੍ਹਾਂ ਨੂੰ ਥਾਪੀ ਦਿੱਤੀ
ਦੂਸਰੇ ਨੇ ਤਾੜੀ ਮਾਰੀ
ਤੀਸਰੇ ਨੇ ਕਿਹਾ 'ਬਹੁਤ ਅੱਛਾ'
ਮੈਨੂੰ ਕਿਹਾ ਗਿਆ "ਤੁਰਦੀ ਹੋ ਚੁੱਪ ਚਾਪ
ਖ਼ਬਰਦਾਰ ਕੁਝ ਵੀ ਮੂੰਹੋਂ ਉਭਾਸਰਨਾ ਨਹੀਂ"
ਤੇ ਉਹ ਚਲੇ ਗਏ—ਮੈਂ ਕੀ ਕਰਦੀ
ਮੈਂ ਕੀ ਕਰਾਂ—ਮੈਂ ਕਿਸ ਨੂੰ ਕਹਾਂ
ਕਿ ਕੋਈ ਟੋਲ ਲਿਆਏ ਮੇਰਾ ਲਾਲ
ਤੇ ਦੇ ਦੇਵੇ ਮੇਰੀਆਂ ਬਾਹਾਂ ਵਿਚਕਾਰ
ਪਾ ਦੇਵੇ ਉਸਨੂੰ ਮੇਰੀ ਝੋਲੀ ਵਿਚ
ਮੈਂ ਉਸਨੂੰ ਰੱਜ ਕੇ ਲਾਡ ਲਡਾਉਣਾ ਚਾਹੁੰਦੀ ਹਾਂ
ਮੈਂ ਉਸਨੂੰ ਰੱਜ ਕੇ ਚੁੰਮਣਾ ਚਾਹੁੰਦੀ ਹਾਂ।—

ਅਨੁ: ਕਰਮਜੀਤ ਸਿੰਘ
o (ਜਤਨ, ਅੰਕ 4 ਵਿਚੋਂ ਧੰਨਵਾਦ ਸਹਿਤ)

# ਪੰਜਾਬ-ਸੰਕਟ ਅਤੇ ਸੰਕਟ ਗ੍ਰਸਤ ਪੰਜਾਬੀ ਲੇਖਕ

**ਸੁਖਬੀਰ**

ਪੰਜਾਬ ਵਿਚ ਅੱਤਿਵਾਦੀਆਂ ਦੀ ਦਹਿਸ਼ਤ ਅਤੇ ਦਹਿਸ਼ਤ ਦੇ ਖ਼ਤਰਿਆਂ ਭਰੇ ਦੌਰ ਵਿਚ ਅਧਿਕਾਂਸ਼ ਪੰਜਾਬੀ ਲੇਖਕਾਂ ਦਾ ਚੁੱਪ ਰਹਿਣਾ ਕਿਸੇ ਅਚੰਭੇ ਤੋਂ ਘੱਟ ਨਹੀਂ ਹੈ। ਏਥੋਂ ਤਕ ਕਿ ਲਗਪਗ ਦੋ ਹਜ਼ਾਰ ਪੰਜਾਬੀ ਲੇਖਕਾਂ ਦੀ ਸਭ ਤੋਂ ਵੱਡੀ ਸੰਸਥਾ, 'ਕੇਂਦਰੀ ਪੰਜਾਬੀ ਲੇਖਕ ਸਭਾ' ਨੇ ਵੀ ਚੁੱਪ ਵੱਟੀ ਰਖੀ ਸੀ। ਇਹ ਸ਼ਾਇਦ ਪਹਿਲਾ ਮੌਕਾ ਸੀ ਕਿ ਪੰਜਾਬੀ ਲੇਖਕਾਂ ਨੇ ਗੁਰੂ ਨਾਨਕ ਤੋਂ ਚਲੀ ਆ ਰਹੀ ਆਪਣੀ ਪੰਜ ਸੌ ਸਾਲਾ ਪੁਰਾਣੀ ਪਰੰਪਰਾ ਵਲੋਂ ਬੇ-ਮੁਖ ਹੋ ਕੇ ਤੇ ਅੱਤਿਵਾਦੀਆਂ ਦੇ ਖ਼ਤਰਿਆਂ ਤੋਂ ਡਰ ਕੇ ਉਹਨਾਂ ਦੀ ਦਹਿਸ਼ਤ ਅਤੇ ਖ਼ਤਰਿਆਂ ਦੇ ਖਿਲਾਫ਼ ਆਵਾਜ਼ ਨਹੀਂ ਸੀ ਉਠਾਈ ਤੇ ਚੁੱਪ ਰਹਿਣ ਵਿਚ ਹੀ ਆਪਣੀ ਭਲਾਈ ਸਮਝੀ ਸੀ। ਜਿਥੇ ਗੁਰੂ ਨਾਨਕ ਨੇ 'ਬਾਬਰਵਾਣੀ' ਵਿਚ ਬਾਬਰ ਦੇ ਕਤਲੇਆਮ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਸੀ ਤੇ ਗੁਰੂ ਗੋਬਿੰਦ ਸਿੰਘ ਨੇ 'ਜ਼ਫ਼ਰਨਾਮਾ' ਵਿਚ ਔਰੰਗਜ਼ੇਬ ਦੇ ਜ਼ੁਲਮੋ-ਜਬਰ ਦਾ ਬੜੀ ਨਿਡਰਤਾ ਨਾਲ ਪਰਦਾਫ਼ਾਸ਼ ਕੀਤਾ ਸੀ, ਓਥੇ ਪੰਜਾਬ ਵਿਚ ਅੱਤਿਵਾਦੀਆਂ ਦੇ ਖਿਲਾਫ਼ ਮੁਸ਼ਕਿਲ ਨਾਲ ਪੰਜ-ਸਤ ਲੇਖਕਾਂ-ਪੱਤਰਕਾਰਾਂ ਤੋਂ ਛੁੱਟ ਹਰ ਕਿਸੇ ਨੇ ਚੁੱਪ ਧਾਰੀ ਰਖੀ ਸੀ।

ਪਰ ਹਰਿਮੰਦਰ-ਸਮੂਹ ਵਿਚ ਹੋਈ ਫ਼ੌਜੀ ਕਾਰਵਾਈ ਤੋਂ ਬਾਅਦ, ਜਦ ਕਿ ਅੱਤਿਵਾਦੀਆਂ ਦਾ ਖ਼ਤਰਾ ਕਾਫ਼ੀ ਹੱਦ ਤੱਕ ਘੱਟ ਗਿਆ ਸੀ, ਅਧਿਕਾਂਸ਼ ਪੰਜਾਬੀ ਲੇਖਕਾਂ ਦੀਆਂ ਕਲਮਾਂ ਬੇ-ਮੁਹਾਰ ਲਿਖਣ ਲਗੀਆਂ ਸਨ, ਜਿਹਨਾਂ 'ਚੋਂ ਬਹੁਤੀਆਂ ਧਾਰਮਿਕ ਜਨੂਨ ਤੇ ਫਿਰਕਾਪ੍ਰਸਤੀ ਦੇ ਜ਼ਹਿਰ ਨਾਲ ਭਰੀਆਂ ਹੋਈਆਂ ਸਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕਈ ਅਗਾਂਹ ਵਧੂ ਲੇਖਕ ਵੀ ਅਜਿਹੀਆਂ ਪਿਛਾਂ ਖਿਚੂ ਰਚਨਾਵਾਂ ਲਿਖਣੋਂ ਬਚ ਨਹੀਂ ਸਕੇ। ਅਜਿਹੀਆਂ ਰਚਨਾਵਾਂ ਤਾਂ ਮੁਲਕ ਦੀ ਵੰਡ ਵੇਲੇ ਕਿਤੇ ਵੱਡੇ ਪੈਮਾਨੇ 'ਤੇ ਹੋਏ ਫਿਰਕਾਦਾਰਾਨਾ ਫ਼ਸਾਦਾਂ ਤੇ ਕਤਲੋ ਗਾਰਤ ਵਿਚ ਵੀ ਕਿਸੇ ਅਗਾਂਹ ਵਧੂ ਲੇਖਕ ਨੇ ਨਹੀਂ ਸਨ ਲਿਖੀਆਂ।

ਮੋਟੇ ਤੌਰ 'ਤੇ ਅਗਾਂਹ ਵਧੂ ਦ੍ਰਿਸ਼ਟੀਕੋਣ ਤੋਂ ਲੇਖਕਾਂ ਵਿਚ ਮਤਭੇਦ ਹੋ ਸਕਦਾ ਹੈ, ਪਰ ਪੰਜਾਬ-ਸੰਕਟ ਬਾਰੇ ਅੰਨ੍ਹੀ ਧਾਰਮਿਕਤਾ ਤੇ ਫ਼ਿਰਕਾਪ੍ਰਸਤੀ ਦੀ ਬੋ ਮਾਰਦੀਆਂ ਰਚਨਾਵਾਂ ਦਾ ਲਿਖਿਆ ਜਾਣਾ ਉਹਨਾਂ ਲੇਖਕਾਂ ਦੀਆਂ ਨਰੋਈਆਂ ਕਦਰਾਂ-ਕੀਮਤਾਂ ਵਾਲੇ ਨਜ਼ਰੀਏ ਕਲੰਕਤ ਕਰਨ ਵਾਲਾ ਹੈ। ਇਹੋ ਗੱਲ ਅਧਿਕਾਂਸ਼ ਪੰਜਾਬੀ ਪਰਚਿਆਂ ਬਾਰੇ ਵੀ ਕਹੀ ਜਾ ਸਕਦੀ ਹੈ। ਖ਼ੈਰ, ਬਹੁਤ ਸਾਰੇ ਪਿਛਾਂ-ਖਿਚੂ ਜਾਂ ਬਿਨਾਂ ਕਿਸੇ ਠੋਸ ਵਿਚਾਰਧਾਰਾ ਵਾਲੇ ਮੌਕਾਪ੍ਰਸਤ ਪਰਚਿਆਂ ਨੇ ਤਾਂ ਆਪਣੀ ਲੋਕਪ੍ਰਿਯਤਾ ਤੇ ਵਿਕਰੀ ਵਧਾਉਣ ਲਈ ਧਰਮ ਦੇ 'ਨਾਂ 'ਤੇ ਲਚਰ ਕਿਸਮ ਦੀਆਂ ਰਚਨਾਵਾਂ ਛਾਪਣੀਆਂ ਹੀ ਸਨ, ਕਈ ਅਗਾਂਹਵਧੂ ਪਰਚੇ ਵੀ ਆਪਣੀ ਧੁੰਧਲੀ ਪੈ ਗਈ ਨਜ਼ਰ ਜਾਂ ਹੋਰ ਕਾਰਣਾਂ ਕਰਕੇ ਅਜਿਹੀਆਂ ਲਚਰ ਰਚਨਾਵਾਂ ਛਾਪਣੋਂ ਸੰਕੋਚ ਨਹੀਂ ਕਰ ਸਕੇ। ਲਚਰ ਰਚਨਾਵਾਂ ਸਿਰਫ਼ ਸੈਕਸ ਬਾਰੇ ਹੀ ਨਹੀਂ ਹੁੰਦੀਆਂ, ਆਮ ਲੋਕਾਂ ਦੇ ਹੈਵਾਨੀ ਜਜ਼ਬਿਆਂ ਨੂੰ ਭੜਕਾਉਣ ਤੇ ਫਿਰਕੂ ਜ਼ਹਿਰ ਫੈਲਾਉਣ ਵਾਲੀ ਸਸਤੀ ਭਾਵੁਕਤਾ ਸਦਕਾ ਵੀ ਉਹ ਲਚਰ ਬਣਦੀਆਂ ਹਨ।

ਆਖਿਰ ਅਗਾਂਹ ਵਧੂ ਨਜ਼ਰੀਏ ਦੇ ਧਾਰਨੀ ਅਧਿਕਾਂਸ਼ ਪੰਜਾਬੀ ਲੇਖਕਾਂ ਨੇ, ਜਿਹਨਾਂ 'ਚੋਂ ਕਈ ਕਮਿਊਨਿਸਟ ਹੋਣ ਦਾ ਮਾਣ ਮਹਿਸੂਸ ਕਰਦੇ ਹਨ, ਮਜ਼ਹਬੀ ਤੇ ਫਿਰਕੂ ਤੁਅੱਸਬ ਨਾਲ ਭਰੀਆਂ ਰਚਨਾਵਾਂ ਕਿਉਂ ਲਿਖੀਆਂ? ਕੀ ਇਹ ਓਹਨਾਂ ਦੇ ਅਚੇਤ ਮਨਾਂ ਵਿਚ ਲੁਕੀ ਧਾਰਮਿਕਤਾ ਦਾ ਪ੍ਰਗਟਾਵਾ ਨਹੀਂ ਹੈ? ਇਹ ਕਿਹੋ ਜਿਹਾ ਵਿਅੰਗ ਹੈ ਕਿ ਉਹਨਾਂ ਲੇਖਕਾਂ ਦੇ ਅੰਦਰ ਸੁੱਤਾ ਹੋਇਆ (ਜਾਂ ਜਿਸਨੂੰ ਉਹ ਮਰ ਚੁੱਕਾ ਸਮਝਦੇ ਸਨ) ਅੰਨ੍ਹਾ ਧਾਰਮਿਕ ਬੰਦਾ ਅਚਾਨਕ ਜਾਗ ਉਠਿਆ ਹੈ, ਤੇ ਉਹ ਲੇਖਕ ਮੁੜ ਕੇ ਧਰਮ ਦੀਆਂ ਉਹਨਾਂ ਹੀ ਵਲਗਣਾਂ ਵਿਚ ਘਿਰ ਗਏ ਹਨ, ਜਿਹਨਾਂ ਤੋਂ ਕਿ ਬਹੁਤ ਉਪਰ ਉਠ ਜਾਣ ਦਾ ਉਹ ਦਾਵ੍ਹਾ ਕਰਦੇ ਸਨ। ਕੁਝ ਇਕ ਮੰਨੇ-ਪਰਮੰਨੇ ਕਮਿਊਨਿਸਟ ਲੇਖਕ ਤਾਂ ਭਿੰਡਰਾਂਵਾਲੇ ਦੇ ਗੁਣ ਵੀ ਗਾਉਣ ਲਗੇ ਹਨ।

ਉਂਜ ਤਾਂ ਸ਼ੁਰੂ ਤੋਂ ਹੀ ਮਾਰਕਸਵਾਦ ਦੇ ਅਸਰ ਥੱਲੇ ਅਗਾਂਹਵਧੂ ਵਿਚਾਰਧਾਰਾ ਬਾਰੇ ਪੰਜਾਬੀ ਲੇਖਕਾਂ ਵਿਚ ਕਾਫ਼ੀ ਮਤਭੇਦ ਰਿਹਾ ਹੈ, ਪਰ ਪੰਜਾਬ-ਸੰਕਟ ਦੇ ਇਸ ਦੌਰ ਵਿਚ ਉਹ ਹੋਰ ਵੀ ਉੱਭਰ ਕੇ ਸਾਹਮਣੇ ਆਇਆ ਹੈ। ਤੇ ਮਜ਼ੇ ਦੀ ਗੱਲ ਕਿ ਸਾਰੇ ਹੀ ਅਗਾਂਹਵਧੂ ਲੇਖਕ ਆਪਣੇ ਪਰਸਪਰ-ਵਿਰੋਧੀ ਵਿਚਾਰਾਂ ਨੂੰ ਸਹੀ ਸਮਝਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਆਖ਼ਿਰ ਸਹੀ ਅਗਾਂਹ-ਵਧੂ ਵਿਚਾਰਧਾਰਾ ਕਿਹੜੀ ਹੈ? ਸ਼ਾਇਦ ਹਰ ਅਗਾਂਹਵਧੂ ਲੇਖਕ ਕਹੇਗਾ ਕਿ ਅਜਿਹੀ ਵਿਚਾਰਧਾਰਾ, ਜੋ ਵਿਗਿਆਨਕ ਹੋਵੇ। ਪਰ ਵਿਗਿਆਨਕ ਵਿਚਾਰਧਾਰਾ ਹੀ ਕਾਫ਼ੀ ਨਹੀਂ ਹੈ, ਵਰਨਾ ਮਾਰਕਸਵਾਦ ਨੂੰ ਮੰਨਣ ਵਾਲੀਆਂ ਕਮਿਊ-

ਨਿਸਟ ਪਾਰਟੀਆਂ ਦੇ ਸੋਚਣ ਤੇ ਮੁਲੰਕਣ ਵਿਚ ਏਨਾ ਵੱਡਾ ਪਾੜਾ ਨਾ ਹੋਵੇ। ਇਹ ਪਾੜਾ ਪੰਜਾਬ-ਸੰਕਟ ਬਾਰੇ ਉਹਨਾਂ ਦੇ ਵਿਚਾਰਾਂ ਅਤੇ ਮੁਲੰਕਣ ਵਿਚ ਵੀ ਵੇਖਿਆ ਜਾ ਸਕਦਾ ਹੈ। ਅਸਲ ਵਿਚ, ਵਿਗਿਆਨਕ ਵਿਚਾਰਧਾਰਾ ਤੋਂ ਛੁੱਟ ਆਦਮੀ ਦਾ ਜਜ਼ਬਾਤੀ (ਮਾਨਸਿਕ) ਤੌਰ 'ਤੇ ਸੰਤੁਲਤ ਹੋਣਾ ਵੀ ਜ਼ਰੂਰੀ ਹੈ। ਜਜ਼ਬਾਤੀ ਅਸੰਤੁਲਨ ਕਿਸੇ ਬਹੁਤ ਪੜ੍ਹੇ-ਲਿਖੇ ਤੇ ਸਿਆਣੇ ਬੰਦੇ ਨੂੰ ਵੀ ਡਾਵਾਂਡੋਲ ਕਰਕੇ ਕੁਰਾਹੇ ਪਾ ਸਕਦਾ ਹੈ। ਜਿਸ ਤੋਂ ਛੁੱਟ ਆਦਮੀ ਦਾ ਈਮਾਨਦਾਰ ਹੋਣਾ ਵੀ ਜ਼ਰੂਰੀ ਹੈ--ਕਿਸੇ ਧਰਮ ਜਾਂ ਰਾਜਸੀ ਵਿਚਾਰਧਾਰਾ ਬਾਰੇ ਹੀ ਨਹੀਂ, ਖੁਦ ਆਪਣੇ ਬਾਰੇ ਵੀ। ਬੇਈਮਾਨ ਤੇ ਮੌਕਾਪ੍ਰਸਤ ਆਦਮੀ ਵਿਗਿਆਨਕ ਵਿਚਾਰਧਾਰਾ ਦੇ ਹੁੰਦਿਆਂ ਵੀ ਸੁਚੇਤ ਜਾਂ ਅਚੇਤ ਤੌਰ 'ਤੇ ਗਲਤ ਢੰਗ ਨਾਲ ਸੋਚਦੇ ਹਨ ਤੇ ਅਪਣੇ ਵਿਚਾਰਾਂ ਨੂੰ ਆਪਣੇ ਮੁਫਾਦਾਂ ਅਨੁਸਾਰ ਸਹੀ ਸਾਬਿਤ (ਰੈਸ਼ਨਲਾਈਜ਼) ਕਰਦੇ ਹਨ। ਇਹ ਚੀਜ਼ ਵਿਅਕਤੀਗਤ ਪੱਧਰ 'ਤੇ ਹੀ ਨਹੀਂ, ਸੰਸਥਾਵਾਂ ਤੇ ਪਾਰਟੀਆਂ ਦੀ ਪੱਧਰ 'ਤੇ ਵੀ ਆਮ ਵੇਖਣ ਵਿਚ ਆਉਂਦੀ ਹੈ। ਇਹੋ ਚੀਜ਼ਾਂ ਪੰਜਾਬ-ਸੰਕਟ ਬਾਰੇ ਛਪੀਆਂ ਅਧਿਕਾਂਸ਼ ਰਚਨਾਵਾਂ ਦੇ ਲੇਖਕਾਂ ਵਿਚ ਵੇਖੀ ਜਾ ਸਕਦੀ ਹੈ।

ਜ਼ਾਤ-ਪਾਤ ਅਤੇ ਧਰਮ ਦੇ ਸੌੜੇ ਘੇਰੇ 'ਚੋਂ ਉਪਰ ਉਠੇ ਹੋਏ ਬੰਦਿਆਂ ਵਿਚ ਹੀ ਨਹੀਂ, ਮਾਰਕਸਵਾਦ ਨੂੰ ਮੰਨਣ ਵਾਲਿਆਂ ਦੇ ਧੁਰ ਅੰਦਰ ਵੀ—ਉਹਨਾਂ ਦੇ ਅਚੇਤ ਮਨ ਵਿਚ--ਇਕ ਸਿਖ ਜਾਂ ਹਿੰਦੂ ਜਾਂ ਮੁਸਲਮਾਨ ਜਾਂ ਈਸਾਈ ਲੁਕਿਆ ਹੋਇਆ ਹੁੰਦਾ ਹੈ, ਜੋ ਕਿ ਆਦਿ ਕਾਲੀਨ ਮਨੁੱਖ (ਪ੍ਰਿਮਿਟਿਵ ਮੈਨ) ਦਾ ਹੀ ਰੂਪ ਹੈ, ਤੇ ਕਿਸੇ ਜ਼ਾਤੀ ਜਾਂ ਸਮਾਜੀ ਸੰਕਟ ਵੇਲੇ ਅਚਾਨਕ ਜਾਗਦਾ ਤੇ ਉਸਦੀ ਸੋਚਣੀ ਨੂੰ ਇਸ ਹਦ ਤਕ ਪ੍ਰਭਾਵਤ ਕਰਦਾ ਹੈ ਕਿ ਉਹ ਬੰਦਾ ਆਪਣੀ ਵਿਚਾਰਧਾਰਾ ਦੀ ਠੋਸ ਧਰਤੀ 'ਤੇ ਖੜੋਤਾ ਹੋਇਆ ਵੀ ਡਾਵਾਂਡੋਲ ਹੋ ਜਾਂਦਾ ਹੈ। ਉਸ ਦੇ ਅੰਨ੍ਹੇ ਜਜ਼ਬੇ ਉਸ ਦਿਮਾਗ 'ਤੇ ਹਾਵੀ ਹੋ ਜਾਂਦੇ ਹਨ। ਸੱਚ ਪੁੱਛੋ, ਤਾਂ ਉਸ ਦੀ ਵਿਚਾਰਧਾਰਾ ਉਸ ਦੇ ਦਿਮਾਗ ਦੀ ਪੱਧਰ 'ਤੇ ਹੀ ਹੁੰਦੀ ਹੈ, ਜਿਸ ਨੇ ਉਸ ਦੇ ਮਨ ਦੀਆਂ ਡੂੰਘਾਵਾਂ ਵਿਚ ਪ੍ਰਵੇਸ਼ ਨਹੀਂ ਕੀਤਾ ਹੁੰਦਾ।

ਇਕ ਹੋਰ ਦਿਲਚਸਪ ਗੱਲ! ਪੰਜਾਬ-ਸੰਕਟ ਦੇ ਇਸ ਦੌਰ ਵਿਚ ਜਿਹਨਾਂ ਲੋਕਾਂ ਦੇ ਅੰਦਰ ਸੁੱਤਾ ਹੋਇਆ ਹਠਧਰਮੀ ਸਿੱਖ (ਧਾਰਮਿਕ ਬੰਦਾ) ਜਾਗਿਆ ਹੈ, ਜੋ ਕਿ ਗੁਰਬਾਣੀ ਜਾਂ ਮਨੁੱਖਵਾਦ ਦੀ ਕਸੌਟੀ 'ਤੇ ਕਿਸੇ ਤਰਾਂ ਵੀ ਸਹੀ ਸਿੱਖ ਨਹੀਂ ਕਿਹਾ ਜਾ ਸਕਦਾ, ਉਸਦਾ ਸੰਬੰਧ ਸਿਰਫ ਧਰਮ ਨਾਲ ਹੀ ਨਹੀਂ, ਜ਼ਾਤ-ਪਾਤ ਨਾਲ ਵੀ ਹੈ—ਉਹ ਨਿਰੋਲ ਸਿੱਖ ਦੀ ਥਾਂ ਜੱਟ ਸਿੱਖ ਦਾ ਭਾਪਾ ਜਾਂ ਰਾਮਗੜ੍ਹੀਆ ਜਾਂ ਮਜ਼ਹਬੀ ਸਿੱਖ ਵੀ ਹੈ। ਤੇ ਉਹ ਧਰਮ ਤੋਂ ਛੁੱਟ ਕਿਸ ਜ਼ਾਤ-ਪਾਤ ਦੇ ਨੁਕਤੇ ਤੋਂ ਵੀ ਪੰਜਾਬ ਦੇ ਮਸਲੇ ਨੂੰ ਵੇਖਦਾ ਪਰਖਦਾ ਹੈ। ਏਨਾਂ ਹੀ ਨਹੀਂ, ਉਸ ਸਿੱਖ ਦਾ ਰੂਪ ਰਾਜਸੀ ਵੀ ਹੈ —ਉਸ ਰਾਜਸੀ ਪਾਰਟੀ ਨਾਲ ਮਿਲਦਾ-ਜੁਲਦਾ ਜਿਸ ਨਾਲ ਕਿ ਉਹ ਜ਼ਾਹਿਰਾ ਜਾਂ ਗੈਰ ਜ਼ਾਹਿਰਾ ਤੌਰ 'ਤੇ ਜੁੜਿਆ ਹੋਇਆ ਹੈ। ਅਸਲ ਵਿਚ ਵੇਖਿਆ ਜਾਵੇ, ਤਾਂ ਬੌਧਿਕ ਤੇ ਮਾਨਸਿਕ ਨੁਕਤੇ ਤੋਂ ਉਹ ਸੁਤੰਤਰ ਮਨੁੱਖ ਨਹੀਂ ਹੈ, ਸਗੋਂ ਕਿਸੇ ਇੱਜੜ ਦਾ ਬੰਦਾ ਹੈ। ਉਸਦੀ ਮਾਨਸਿਕਤਾ ਅਤੇ ਵਤੀਰਾ ਇਜੱੜ ਦੇ ਬੰਦੇ ਨਾਲੋਂ ਵਖਰਾ ਨਹੀਂ ਜਾਪਦਾ। ਸਹੀ ਅਰਥਾਂ ਵਿਚ ਸੁਤੰਤਰ ਮਨੁੱਖ ਬਣਕੇ ਜਿਉਣਾ ਤੇ ਸੁਚੇਤ ਤੇ ਅਚੇਤ ਤੁਅੱਸਬਾਂ ਤੋਂ ਉਪਰ ਉਠ ਕੇ ਸੋਚਣਾ ਸੌਖਾ ਨਹੀਂ ਹੈ। ਆਦਮੀ ਆਮ ਤੌਰ 'ਤੇ ਕਿਸੇ ਸਮੂਹ ਜਾਂ ਇੱਜੜ ਦੀ ਮਾਨਸਿਕਤਾ ਨਾਲ ਹੀ ਸੋਚਦਾ ਹੈ। ਕਈ ਮੌਕਿਆਂ 'ਤੇ ਉਸ ਦੇ ਅਚੇਤ ਮਨ ਵਿਚ ਬੈਠਾ ਆਦਿ ਕਾਲੀਨ ਮਨੁੱਖ ਉਸ ਦੇ ਦਿਲ-ਦਿਮਾਗ 'ਤੇ ਹਾਵੀ ਹੋ ਜਾਂਦਾ ਹੈ—ਉਹ ਆਦਿ ਕਾਲੀਨ ਮਨੁੱਖ, ਜੋ ਜ਼ਹਾਲਤ ਤੋਂ ਬਹੁਤ ਉਪਰ ਨਹੀਂ ਸੀ ਉਠਿਆ ਤੇ ਜਿਸ ਦਾ ਬਹੁਤ ਸਾਰਾ ਵਤੀਰਾ ਜਾਨਵਰਾਂ ਦੀ ਪੱਧਰ 'ਤੇ ਹੀ ਸੀ। ਅੱਜ ਵੀ ਆਦਮੀ ਅਪਣੀ ਸੁਤੰਤਰ ਹੋਂਦ ਦੀ ਥਾਂ ਵਧੇਰੇ ਕਰਕੇ ਸਮੂਹ ਦੇ ਆਦਮੀ ਦੀ ਹੋਂਦ ਬਣ ਕੇ ਜਿਉਂਦਾ-ਵਿਚਰਦਾ ਹੈ। ਸੁਤੰਤਰ ਤੇ ਸਮੂਹਕ ਮਨੁੱਖ ਦੀਆਂ ਹੋਂਦਾਂ ਅਤੇ ਸੋਚਣੀ ਵਿਚ ਬਹੁਤ ਵੱਡਾ ਫਰਕ ਹੁੰਦਾ ਹੈ। ਇਹ ਫਰਕ ਪੰਜਾਬ ਦੇ ਇਸ ਸੰਕਟ ਵਿਚ ਆਮ ਲੋਕਾਂ ਵਿਚ ਨਾ ਉਭਰ ਕੇ ਪ੍ਰਗਟਿਆ ਹੀ ਹੈ, ਕਈ ਅਗਾਂਹਵਧੂ ਜਾਂ ਵਿਗਿਆਨਕ ਵਿਚਾਰਧਾਰਾ ਤੇ ਝੰਡਾ-ਬਰਦਾਰ ਬੰਦਿਆਂ ਵਿਚ ਵੀ ਬਹੁਤ ਸਾਫ ਤੌਰ 'ਤੇ ਵੇਖਣ ਵਿਚ ਆਇਆ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਆਦਮੀ ਅੱਜ ਭਾਵੇਂ ਦਿਮਾਗੀ ਤੌਰ 'ਤੇ ਵਿਕਾਸ ਦੀਆਂ ਸਿਖਰਾਂ ਛੋਹ ਰਿਹਾ ਹੈ, ਪਰ ਮਾਨਸਿਕ ਤੌਰ 'ਤੇ ਹਜ਼ਾਰਾਂ ਸਾਲ ਪਹਿਲਾਂ ਦੇ ਆਦਮੀ ਦੀ ਪੱਧਰ ਤੋਂ ਬਹੁਤਾ ਉਪਰ ਨਹੀਂ ਉਠ ਸਕਿਆ ਹੈ। ਏਸੇ ਲਈ ਉਹ ਹਰ ਸੰਕਟ ਦੇ ਸਮੇਂ ਵਿਚ ਸੁਤੰਤਰ ਮਨੁੱਖ ਦੀ ਥਾਂ ਸਮੂਹ ਦੀ ਮਾਨਸਿਕਤਾ ਨਾਲ ਸੋਚਦਾ ਤੇ ਵਿਚਰਦਾ ਹੈ—ਉਸ ਸਮੂਹ ਦੇ ਧਰਮ, ਜ਼ਾਤ-ਪਾਤ, ਰਾਜਸੀ ਵਿਚਾਰਾਂ ਤੇ ਸੰਸਕਾਰਾਂ ਦਾ ਸ਼ਿਕਾਰ ਬਣਿਆ ਹੋਇਆ। ਮਨੁੱਖ ਦੀ ਸੁਤੰਤਰ ਤੇ ਸਮੂਹਕ ਹੋਂਦ ਵਿਚਲਾ ਇਹ ਫਰਕ ਉਹਨਾਂ ਮੁਲਕਾਂ ਵਿਚ ਵੀ ਕਾਫੀ ਹੱਦ ਤੱਕ ਏਸੇ ਰੂਪ ਵਿਚ ਵੇਖਣ ਵਿਚ ਆਉਂਦਾ ਹੈ, ਜਿਥੇ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਸੁਚੇਤ ਤੌਰ 'ਤੇ ਮਾਰਕਸਵਾਦ ਵਰਗੀ ਵਿਗਿਆਨਕ ਵਿਚਾਰਧਾਰਾ ਦਾ ਪ੍ਰਚਾਰ ਹੁੰਦਾ ਆ ਰਿਹਾ ਹੈ ਤੇ ਇਕ ਇਕ ਨਵਾਂ ਮਨੁੱਖ ਸਿਰਜਣ ਦੇ ਦਾਵੇ ਕੀਤੇ ਜਾ ਰਹੇ ਹਨ।

ਪੰਜਾਬ-ਸੰਕਟ ਅਤੇ ਖਾਸ ਤੌਰ 'ਤੇ ਹਰਿਮੰਦਰ-ਸਮੂਹ ਵਿਚ ਫੌਜੀ ਕਾਰਵਾਈ ਬਾਰੇ ਛਪੀਆਂ ਰਚਨਾਵਾਂ ਵਿਚ ਬਹੁਤ ਸਾਰੇ ਇਤਰਾਜ਼ਯੋਗ ਨੁਕਤਿਆਂ ਦੀ ਥਾਂ ਮੈਂ ਫਿਲਹਾਲ ਸਿਰਫ ਇਕ ਨੁਕਤੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਕਿਸੇ ਵੀ ਧਾਰਮਿਕ ਜਾਂ ਇਤਿਹਾਸਕ ਇਮਾਰਤ ਨੂੰ ਨਸ਼ਟ ਜਾਂ ਭ੍ਰਿਸ਼ਟ ਕਰਨਾ ਬਹੁਤ ਵੱਡਾ ਗੁਨਾਹ ਹੈ। ਇਹ ਇਮਾਰਤਾਂ ਮਨੁੱਖੀ ਸਭਿਅਤਾ ਅਤੇ ਸੰਸਕ੍ਰਿਤੀ ਦੇ 'ਸ਼ਾਹਕਾਰ ਹਨ। ਫੌਜੀ ਕਾਰਵਾਈ ਵਿਚ ਅਕਾਲ ਤਖਤ ਦੀ ਤਬਾਹੀ 'ਵੀ ਸਿੱਖਾਂ ਤੇ ਗੈਰ ਸਿੱਖ ਸ਼ਰਧਾਲੂਆਂ ਦੇ ਹੀ ਜਜ਼ਬਿਆਂ 'ਤੇ ਨਹੀਂ, ਸਮੁੱਚੀ ਮਨੁੱਖੀ ਤਹਿਜ਼ੀਬ 'ਤੇ ਵੀ ਬੜੀ ਵੱਡੀ ਸੱਟ ਹੈ। ਪਰ ਇਹ ਸੱਟ ਫੌਜੀ ਕਾਰਵਾਈ ਵਿਚ ਹੀ ਨਹੀਂ, ਉਸ ਤੋਂ ਪਹਿਲਾਂ ਵੀ ਕਈ ਮੌਕਿਆਂ 'ਤੇ ਵੱਜ ਚੁੱਕੀ ਸੀ। ਅਕਾਲ ਤਖਤ ਦੀ ਦੁਰਗਤੀ ਅਤੇ ਤੋੜ-ਭੰਨ ਅਤਿਵਾਦੀਆਂ ਦੇ ਹੱਥੋਂ ਵੀ ਮੋਰਚੇ ਬਣਾਉਣ ਲਈ ਹੋਈ ਸੀ। ਭਲਾ ਉਦੋਂ ਕਈਆਂ ਦੇ ਧਾਰਮਿਕ ਜਜ਼ਬਿਆਂ ਨੂੰ ਠੇਸ ਕਿਉਂ ਨਾ ਪਹੁੰਚੀ? ਸੱਚ ਪੁੱਛੋ, ਤਾਂ ਇਹ ਚੀਜ਼ ਧਾਰਮਿਕ ਬੰਦਿਆਂ ਦੇ ਹੀ ਜਜ਼ਬਿਆਂ ਨੂੰ ਨਹੀਂ, ਉਹਨਾਂ ਲੋਕਾਂ ਦੇ ਵੀ ਮਨੁੱਖਵਾਦੀ ਜਜ਼ਬਿਆਂ ਨੂੰ ਠੇਸ ਪੁਚਾਉਣ ਵਾਲੀ ਸੀ, ਜਿਹਨਾਂ ਦੇ ਦਿਲਾਂ ਵਿਚ ਆਪਣੀ ਤਹਿਜ਼ੀਬ ਦੀਆਂ ਸ਼ਾਹਕਾਰ ਇਮਾਰਤਾਂ ਲਈ ਕਦਰਦਾਨੀ ਭਰੀ ਹੋਈ ਹੈ। ਇਹ ਮਨੁੱਖਵਾਦੀ ਜਜ਼ਬੇ ਧਾਰਮਿਕ ਜਜ਼ਬਿਆਂ ਨਾਲੋਂ ਕਿਤੇ ਵੱਧ ਸਿਹਤਮੰਦ ਤੇ ਉਚੇ-ਸੁੱਚੇ ਹੁੰਦੇ ਹਨ। ਅਜਿਹੇ ਲੋਕਾਂ ਨੂੰ ਧਾਰਮਿਕ ਜਾਂ ਇਤਿਹਾਸਕ ਇਮਾਰਤਾਂ ਦੀ ਤਬਾਹੀ ਨਾਲ ਹੀ ਨਹੀਂ, ਆਮ ਲੋਕਾਂ ਦੇ ਕਤਲਾਂ ਤੇ ਉਹਨਾਂ ਦੇ ਘਰਾਂ-ਪਰਵਾਰਾਂ ਦੀ ਤਬਾਹੀ ਨਾਲ ਵੀ ਅੰਤਾਂ ਦਾ ਦੁੱਖ ਹੁੰਦਾ ਹੈ।

ਅੱਤਵਾਦੀਆਂ ਦੇ ਹੱਥੋਂ ਅਕਾਲ ਤਖਤ ਦੀ ਤੋੜ-ਭੰਨ ਤੋਂ ਵੀ ਵਧ ਠੇਸ ਪੁਚਾਉਣ ਵਾਲੀ ਚੀਜ਼ ਹੈ, ਹਰਿ-ਮੰਦਰ ਸਾਹਿਬ ਦਾ ਭ੍ਰਿਸ਼ਟ ਤੇ ਪਲੀਤ ਹੋਣਾ, ਜਿਥੋਂ ਕਿ ਪੂਰੀ ਹਿੰਦੂ ਜ਼ਾਤ ਲਈ ਖੁੱਲ੍ਹੇਆਮ ਨਫਰਤ ਫੈਲਾਈ ਜਾ ਰਹੀ ਸੀ, ਆਪਣੇ ਵਿਰੋਧੀਆਂ ਨੂੰ ਕਤਲ ਕਰਨ ਦੇ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਸਨ ਤੇ ਅੱਤਵਾਦੀਆਂ ਵਲੋਂ ਹੀ ਨਹੀਂ, ਇਕ ਪੂਜਨੀਕ 'ਸੰਤ' ਵਲੋਂ ਵੀ ਅਜਿਹੀ ਅਸੱਭਿਆ ਤੇ ਜ਼ਹਿਰੀਲੀ ਜ਼ਬਾਨ ਬੋਲੀ ਜਾ ਰਹੀ ਸੀ, ਜਿਸ ਨੂੰ ਲੋਕੀ ਵੀ ਸਾਊ ਬੰਦਾ ਬੋਲਣੋਂ ਸ਼ਰਮ ਮਹਿਸੂਸ ਕਰੇ। ਇਸ ਤੋਂ ਵੀ ਬਸ, ਕਾਤਲਾਂ ਦੀ ਪਨਾਹਗਾਹ ਬਣੇ ਹਰਿਮੰਦਰ-ਸਮੂਹ ਦੇ ਅੰਦਰ ਹੋਣ ਵਾਲੇ ਕਤਲਾਂ ਤੇ ਹੋਰ ਬਹੁਤ ਸਾਰੀਆਂ ਸ਼ਰਮਨਾਕ ਵਾਰਦਾਤਾਂ ਨੇ ਵੀ ਉਸ ਦੀ ਪਵਿੱਤਰਤਾ ਨੂੰ ਪਲੀਤ ਕੀਤਾ ਸੀ।

ਏਨਾਂ ਹੀ ਨਹੀਂ, ਅੱਤਵਾਦੀਆਂ ਦੇ ਕਬਜ਼ੇ ਤੋਂ ਵੀ ਬਹੁਤ ਪਹਿਲਾਂ ਹਰਿਮੰਦਰ-ਸਮੂਹ ਦੀ ਪਵਿਤਰਤਾ ਉਦੋਂ ਪਲੀਤ ਹੋਣੀ ਸ਼ੁਰੂ ਹੋਈ ਸੀ, ਜਦ ਉਹ ਇਕ ਰਾਜਸੀ ਪਾਰਟੀ ਦੇ ਹੱਥਾਂ 'ਚ ਰਾਜਨੀਤੀ ਦੇ ਹੱਥਕੰਡਿਆਂ ਦਾ ਅੱਡਾ ਬਣਿਆ ਹੋਇਆ ਸੀ। ਸਿਰਫ ਸਿੱਖਾਂ ਦਾ ਹੀ ਨਹੀਂ, ਬਹੁਤ ਸਾਰੇ ਹਿੰਦੂਆਂ ਅਤੇ ਹੋਰ ਕਈ ਗੈਰ ਸਿੱਖ ਸ਼ਰਧਾ-ਵਾਨ ਲੋਕਾਂ ਦਾ ਵੀ ਧਰਮ-ਅਸਥਾਨ ਆਖਿਰ ਅਜਿਹੀ ਰਾਜਸੀ ਪਾਰਟੀ ਦਾ ਅੱਡਾ ਕਿਉਂ ਬਣੇ, ਜੋ ਕਿ ਸਿੱਖਾਂ ਦੇ ਸਿਰਫ ਇਕ ਵਰਗ ਦੀ ਹੀ ਪ੍ਰਤੀਨਿਧ ਪਾਰਟੀ ਹੈ ਤੇ ਸਿੱਖੀ ਅਤੇ ਪੰਥ ਦੇ ਨਾਂ 'ਤੇ ਉਸ ਖਾਸ ਵਰਗ ਦੇ ਹਿੱਤਾਂ ਲਈ ਲੜ ਰਹੀ ਹੈ? ਫੇਰ, ਉਥੋਂ ਦਾ (ਤੇ ਕਈ ਹੋਰ ਸਿੱਖ ਧਰਮ-ਅਸਥਾਨਾਂ ਦਾ) ਪੂਜਾ ਦਾ ਧਨ (ਚੜ੍ਹਾਵਾ) ਰਾਜਨੀਤੀ ਲਈ ਕਿਉਂ ਵਰਤਿਆ ਜਾਏ?

ਹਰ ਧਰਮ ਵਿਚ ਹੀ ਇਹ ਮੰਨਿਆ ਜਾਂਦਾ ਹੈ ਕਿ ਪੂਜਾ ਦਾ ਧਨ ਖਾਣ ਵਾਲੇ ਆਦਮੀ ਦਾ ਮਨ ਮਲੀਨ ਹੁੰਦਾ ਹੈ ਅਤੇ ਬੁੱਧੀ ਭ੍ਰਿਸ਼ਟੀ ਜਾਂਦੀ ਹੈ। ਇਹੋ ਗੱਲ ਕਿਸੇ ਸੰਸਥਾ ਜਾਂ ਪਾਰਟੀ 'ਤੇ ਵੀ ਲਾਗੂ ਹੁੰਦੀ ਹੈ। ਸਿੱਖਾਂ ਤੇ ਗੈਰ ਸਿੱਖ ਸਾਰਿਆਂ ਹੀ ਸ਼ਰਧਾਲੂਆਂ ਦਾ ਪੂਜਾ ਦਾ ਧਨ ਆਪਣੇ ਨਿੱਜੀ ਮਨੋਰਥਾਂ ਲਈ ਵਰਤਣ ਸਦਕਾ ਮਲੀਨ ਮਨ ਅਤੇ ਭ੍ਰਿਸ਼ਟ ਬੁੱਧੀ ਵਾਲੀ ਕੋਈ ਧਾਰਮਿਕ ਸੰਸਥਾ ਜਾਂ ਰਾਜਨੀਤਕ ਪਾਰਟੀ ਉਸ ਧਰਮ-ਅਸਥਾਨ ਦੀ ਪਵਿਤਰਤਾ ਨੂੰ ਕਿੰਨਾਂ ਕੁ ਕਾਇਮ ਰੱਖ ਸਕਦੀ ਹੈ? ਆਪਣੇ ਨਾਲ ਉਹ ਉਸ ਨੂੰ ਵੀ ਲੈ ਡੁੱਬੇਗੀ।

ਜਿਹਨਾਂ ਲੋਕਾਂ ਤੇ ਲੇਖਕਾਂ ਨੇ ਹਰਿਮੰਦਰ-ਸਮੂਹ ਦੀ ਉਪਰੋਕਤ ਕਈ ਕਿਸਮ ਦੀ ਭ੍ਰਿਸ਼ਟਤਾ ਨੂੰ ਨਜ਼ਰਅੰਦਾਜ਼ ਕਰਕੇ ਸਿਰਫ ਫੌਜੀ ਕਾਰਵਾਈ ਨਾਲ ਹੋਈ ਭ੍ਰਿਸ਼ਟਤਾ 'ਤੇ ਹੀ ਹੰਝੂ ਕੇਰੇ ਤੇ ਫਿਰਕੂ ਜ਼ਹਿਰ ਉਗਲਿਆ ਹੈ, ਉਹਨਾਂ ਦੀ ਦਿਮਾਗੀ ਸੂਝਬੂਝ ਤੇ ਜਜ਼ਬਾਤੀ ਪ੍ਰੌੜ੍ਹਤਾ ਦੀ ਪੱਧਰ ਕਿੰਨੀ ਕੁ ਉਚੀ ਹੋ ਸਕਦੀ ਹੈ।

ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਮੂਰਤੀ-ਪੂਜਾ ਅੱਜ ਵੀ ਉਸੇ ਰੂਪ ਵਿਚ ਦੇਖਣ ਵਿਚ ਆਉਂਦੀ ਹੈ— ਦੇਵੀ-ਦੇਵਤਿਆਂ ਦੀ ਹੀ ਨਹੀਂ, ਮੜ੍ਹੀਆਂ-ਮਸਾਣਾਂ, ਨਦੀਆਂ-ਸਰੋਵਰਾਂ, ਵੇਦਾਂ-ਕਤੇਬਾਂ (ਧਾਰਮਿਕ ਗ੍ਰੰਥਾਂ), ਤੀਰਥਾਂ-ਮੰਦਰਾਂ, ਸਿੱਲਾਂ-ਵੱਟਿਆਂ ਆਦਿ ਦੀ ਵੀ! ਧਰਮ ਦੇ ਇਹਨਾਂ ਪ੍ਰਤੀਕਾਂ ਨਾਲ ਆਦਮੀ ਆਪਣੇ ਦਿਮਾਗ ਦੀ ਪੱਧਰ ਤੋਂ ਬਹੁਤ ਥੱਲੇ ਜ਼ਹਾਲਤ ਦੀ ਪੱਧਰ 'ਤੇ ਆ ਕੇ ਜਿਸ ਤਰ੍ਹਾਂ ਜੁੜਿਆ-ਚਿਮੜਿਆ ਹੋਇਆ ਹੈ, ਇਹ ਉਸ ਦੇ ਵਿਕਾਰਗ੍ਰਸਤ (ਨਿਊਰੋਟਿਕ) ਮਨ ਦੀ ਨਿਸ਼ਾਨੀ ਹੈ। ਅਜਿਹੀ ਮੂਰਤੀ-ਪੂਜਾ ਨੂੰ ਗੁਰਬਾਣੀ ਵਿਚ ਵੀ ਥਾਂ ਥਾਂ ਨਿੰਦਿਆ ਗਿਆ ਹੈ। ਇਹਨਾਂ ਧਾਰਮਿਕ ਪ੍ਰਤੀਕਾਂ ਨਾਲ ਜਨੂੰਨ ਦੀ ਹੱਦ ਤੱਕ ਜੁੜਿਆ ਹੋਇਆ ਆਦਮੀ ਹਜ਼ਾਰਾਂ ਸਾਲ ਪਹਿਲਾਂ ਦੇ ਜ਼ਾਹਿਲ ਆਦਮੀ ਨਾਲੋਂ ਕਿੰਨਾਂ ਕੁ ਉਪਰ ਉਠ ਸਕਿਆ ਹੈ? ਤੇ ਮਾਨਸਿਕ ਵਿਕਾਸ ਦੇ

ਰਾਹ 'ਤੇ ਉਹ ਕਿੰਨਾਂ ਕੁ ਅੱਗੇ ਵਧ ਸਕਿਆ ਹੈ'? ਇਹ ਗੱਲ ਵਿਅਕਤੀ ਬਾਰੇ ਹੀ ਨਹੀਂ, ਸਮਾਜ ਬਾਰੇ ਵੀ ਕਹੀ ਜਾ ਸਕਦੀ ਹੈ। ਕਈ ਮੌਕਿਆਂ 'ਤੇ ਸਮਾਜ ਵੀ ਆਦਿ ਕਾਲੀਨ ਜ਼ਹਾਲਤ ਦਾ ਸਬੂਤ ਦਿੰਦਾ ਹੈ। ਆਮ ਲੋਕਾਂ ਦੇ ਵਹਿਸ਼ੀਆਨਾਂ ਕਤਲਾਂ ਦੇ ਮੁਕ਼ਾਬਲੇ ਵਿਚ ਕਿਸੇ ਧਾਰਮਿਕ ਪ੍ਰਤੀਕ ਦੇ ਟੁੱਟਣ-ਭੱਜਣ 'ਤੇ ਵਧੇਰੇ ਦੁਖੀ ਹੋਣਾ ਤੇ ਹਾਲ ਪਾਹਰਿਆ ਕਰਦਿਆਂ ਆਪਣਾ ਦਿਮਾਗੀ ਤੇ ਮਾਨਸਿਕ ਸੰਤੁਲਨ ਗਵਾ ਬੈਠਣਾ ਮਨੁੱਖ ਦੀ ਵਿਕਸਿਤ ਹੋਂਦ ਦੀ ਨਿਸ਼ਾਨੀ ਨਹੀਂ ਹੈ।

ਇਹੋ ਗੱਲ ਉਹਨਾਂ ਬਹੁਤ ਸਾਰੇ ਬੰਦਿਆਂ ਬਾਰੇ ਵੀ ਕਹੀ ਜਾ ਸਕਦੀ ਹੈ, ਜੋ ਰੱਬ ਜਾਂ ਧਰਮ ਨੂੰ ਨਹੀਂ ਮੰਨਦੇ ਤੇ ਆਪਣੇ ਆਪ ਨੂੰ ਧਰਮ ਦੀ ਕੈਦ ਤੋਂ ਸੁਤੰਤਰ ਸਮਝਦੇ ਹਨ। ਪਰ ਉਹਨਾਂ ਦੀਆਂ ਹੋਂਦਾਂ ਦਾ ਇਕ ਹਿੱਸਾ ਸਹੀ ਅਰਥਾਂ ਵਿਚ ਧਾਰਮਿਕਤਾ ਤੋਂ ਛੁਟਕਾਰਾ ਨਹੀਂ ਪਾ ਸਕਿਆ ਹੁੰਦਾ। ਅਜੇਹੇ ਬੰਦੇ ਧਾਰਮਿਕ ਪ੍ਰਤੀਕਾਂ ਦੀ ਥਾਂ ਗੈਰ ਧਾਰਮਿਕ ਸਮਝੇ ਜਾਣ ਵਾਲੇ ਪ੍ਰਤੀਕਾਂ ਨਾਲ ਉਸੇ ਹੀ ਢੰਗ ਨਾਲ ਜੁੜੇ-ਚਿਮੜੇ ਹੁੰਦੇ ਹਨ—ਕਿਸੇ ਰਾਜਨੀਤਕ ਪਾਰਟੀ ਨਾਲ, ਉਸ ਪਾਰਟੀ ਦੇ ਝੰਡੇ ਨਾਲ ਕਿਸੇ ਵਿਚਾਰ-ਧਾਰਾ ਦੇ ਨਾਂ ਨਾਲ, ਉਸ ਵਿਚਾਰਧਾਰਾ ਦੀ ਪੁਸਤਕ ਨਾਲ, ਉਸ ਪੁਸਤਕ ਵਿਚੋਂ ਕੱਢੀਆਂ ਮੰਤਰਾਂ ਵਰਗੀਆਂ ਕੁਝ ਤੁਕਾਂ ਨਾਲ, ਕਿਸੇ ਆਦਰਸ਼ਿਆਏ ਤੇ ਸਰਬਕਲਾਂ ਸੰਪੂਰਣ ਸਮਝੇ ਜਾਣ ਵਾਲੇ ਆਗੂ ਦੀ ਤਸਵੀਰ ਨਾਲ...। ਤੇ ਇਹਨਾਂ ਚੀਜ਼ਾਂ ਦੀ ਨੁਕਤਾਚੀਨੀ ਉਹ ਸਹਾਰ ਤਕ ਨਹੀਂ ਸਕਦੇ ਤੇ ਕੱਟੜ ਧਾਰਮਿਕ ਬੰਦਿਆਂ ਵਾਂਗ ਮਰਨ-ਮਾਰਨ ਲਈ ਤਿਆਰ ਹੋ ਉਠਦੇ ਹਨ। ਅਜਿਹੇ ਬੰਦੇ ਕਿਸੇ ਵਿਗਿਆਨਕ ਵਿਚਾਰਧਾਰਾ ਦੇ ਸ਼ੈਦਾਈ ਹੋਣ ਦੇ ਬਾਵਜੂਦ ਕਈ ਵਾਰ ਹਠਧਰਮੀਆਂ ਵਾਂਗ ਹੀ ਸੋਚਦੇ-ਵਿਚਰਦੇ ਹਨ। ਧਰਮ ਦੀ ਥਾਂ ਕਿਸੇ ਧਰਮ ਨਿਰਪੇਖ ਖੇਤਰ ਵਿਚ ਆਉਣ 'ਤੇ ਆਦਮੀ ਵਿਚ ਦਿਮਾਗੀ ਤਬਦੀਲੀ ਤਾਂ ਆਉਂਦੀ ਹੈ ਤੇ ਉਸ ਦੇ ਅਗਿਆਨ ਤੇ ਅੰਧ-ਵਿਸ਼ਵਾਸਾਂ ਦਾ ਹਨੇਰਾ ਦੂਰ ਹੁੰਦਾ ਹੈ, ਪਰ ਜ਼ਰੂਰੀ ਨਹੀਂ ਕਿ ਉਸ ਵਿਚ ਜਜ਼ਬਾਤੀ ਤੌਰ 'ਤੇ ਵੀ ਵੱਡੀ ਤਬਦੀਲੀ ਆਵੇ, ਤੇ ਉਹ ਇੱਜੜ ਦੀ ਮਾਨਸਕਤਾ ਅਤੇ ਸੁਚੇਤ ਜਾਂ ਅਚੇਤ ਸੰਸਕਾਰਾਂ, ਤੁਅੱਸੁਬਾਂ ਆਦਿ ਤੋਂ ਛੁਟਕਾਰਾ ਪਾ ਕੇ ਸੁਤੰਤਰ ਵਿਚਾਰਾਂ ਅਤੇ ਸੰਤੁਲਤ ਜਜ਼ਬਿਆਂ ਵਾਲਾ ਮਨੁੱਖ ਬਣ ਕੇ ਜੀਵੇ।

o

## ਗ਼ਜ਼ਲ

### ਹਰਭਜਨ ਸਿੰਘ ਹੁੰਦਲ

ਐ ਹੱਸਦੇ ਵੱਸਦੇ ਸ਼ਹਿਰ ਮਿਰੇ, ਦੱਸ ਤੈਨੂੰ ਇਹ ਕੀ ਹੋਇਆ ਹੈ?
ਦਿਲ ਅੰਦਰ ਤੇਰੇ ਕਿਸ ਕਿਸ ਨੇ ਇਹ ਖੰਜਰ ਆਣ ਡੁਬੋਇਆ ਹੈ?
ਉਹ ਕਿੱਧਰ ਗਈਆਂ ਮੁਟਿਆਰਾਂ, ਸੀ ਹਾਸੇ ਦੇ ਫੁੱਲ ਵੰਡਦੀਆਂ,
ਹੈ ਪੱਤੀ ਪੱਤੀ ਕੁਰਲਾਉਂਦੀ, ਹਰ ਕੁੱਖ ਗਲੀ ਦਾ ਰੋਇਆ ਹੈ।
ਉਹ ਕੌਣ ਸੀ ਜਿਹਨੇ ਹਰ ਹਿਰਦੇ, ਇਹ ਜ਼ਹਿਰ ਦਾ ਛੱਟਾ ਦਿੱਤਾ ਸੀ,
ਹੁਣ ਗਲੀ, ਮੁਹੱਲੇ, ਬਾਜ਼ਾਰੀਂ, ਜੋ ਬੋਇਆ, ਉੱਗ ਖਲਇਆ ਹੈ।
ਕਿੰਝ ਉੱਤਰ ਦੱਖਣ ਫੈਲ ਗਿਆ, ਇਹ ਧੂੰਆਂ ਘਿਰਣਾ-ਅਗਨੀ ਦਾ,
ਹਰ ਸਰਦਲ ਹਉਕੇ ਭਰਦੀ ਹੈ, ਹਰ ਸ਼ਹਿਰੀ ਸਹਿਮ-ਪਰੋਇਆ ਹੈ।
ਕੁਝ ਕਿਰਪਾ ਸਾਧਾਂ ਸੰਤਾਂ ਦੀ, ਕੁਝ ਚੰਦ ਚੜ੍ਹਾਏ ਮਾਈ ਨੇ,
ਕਿਆ ਸੋਹ ਦੇ ਤੱਕਲੇ ਗੱਡੇ ਨੇ, ਕਿਆ ਅੱਕ ਬਰੂਹੀਂ ਚੋਇਆ ਹੈ!
ਇਕ ਮਾਂ ਨੂੰ ਰੋਂਦੇ ਰੋਂਦੇ ਹੀ, ਇਹ ਸਾਰਾ ਨਾਟਕ ਹੋਇਆ ਹੈ,
ਹੁਣ ਕਿੰਨੀਆਂ ਮਾਵਾਂ ਵਿਲਕਦੀਆਂ, ਨਾ ਭੋਰਾ ਹਾਕਮ ਰੋਇਆ ਹੈ।
ਨਾ ਦੋਸ਼ ਕਿਸੇ ਨੇ ਦੱਸੇ ਨੇ, ਨਾ ਕਿਸੇ ਸਫ਼ਾਈ ਮੰਗੀ ਹੈ,
ਜਾ ਘਰ ਘਰ ਨਵਾਂ ਨਿਆਂ ਕਰਦਾ, ਇਸ ਕਾਤਲ ਨੂੰ ਕੀ ਹੋਇਆ ਹੈ।
ਇਹ ਕੇਹਾ ਚੰਦਰਾ ਦਿਨ ਚੜ੍ਹਿਆ, ਇਹ ਕੇਹੀ ਕਾਲੀ ਰਾਤ ਪਈ,
ਜੋ ਸੂਰਜ ਪਿਆਰ ਅਸਾਡੇ ਦਾ, ਕਿਸ ਬੁੱਕਲ ਵਿਚ ਲੁਕੋਇਆ ਹੈ।
ਜੇ ਮੁੜ ਮੁੜ ਏਦਾਂ ਹੋਣੀ ਹੈ, ਇਸ ਮੇਰੇ ਸ਼ਹਿਰ ਪਿਆਰੇ ਦੀ,
ਇਹ ਅੱਜ ਵੀ ਐਵੇਂ ਜੀਉਂਦਾ ਹੈ, ਇਹ ਕੱਲ੍ਹ ਵੀ ਮੋਇਆ ਮੋਇਆ ਹੈ।

o

## ਏਸ ਵਰ੍ਹੇ ਦੀ ਲੋਹੜੀ

### ਸਰਬਜੀਤ

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ।
ਦੁੱਲਾ ਅੱਜ ਹੈ ਹਾਰਾ, ਹੋ
ਕੀਤਾ ਕਤਲ ਵਿਚਾਰਾ, ਹੋ।
ਦੁੱਲੇ ਨੂੰ ਲਾਂਬੂ ਲਾਇਆ, ਹੋ
ਧੀ ਨੂੰ ਡੋਲੇ ਪਾਇਆ, ਹੋ।
ਰਾਜੇ ਜ਼ਹਿਰ ਵੰਡਾਈ ਹੋ,
ਗ਼ਰੀਬਾਂ ਝੋਲੇ ਪਾਈ, ਹੋ।
ਲੋਕੀ ਸੱਭ ਸ਼ੁਦਾਈ, ਹੋ
ਰਾਜ ਲਈ ਇਹੋ ਖੁਦਾਈ, ਹੋ।

o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ।
ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

ਇਕ ਖਤ ਅੱਗ ਦੇ ਵਪਾਰੀ ਦੇ ਨਾਂ

ਸੁਰਿੰਦਰ ਸਿੰਘ, ਰਜਾਈਨਾ (ਸੈਸਕੈਚਵਨ)

**ਇੰਗਲੈਂਡ ਵਿਚ 'ਦੇਸ ਪ੍ਰਦੇਸ' ਅਤੇ ਕੈਨੇਡਾ ਵਿਚ 'ਇੰਡੋ-ਕਨੇਡੀਅਨ ਟਾਈਮਜ਼' ਐਸੀਆਂ ਅਖਬਾਰਾਂ ਹਨ ਜਿਨ੍ਹਾਂ ਨੂੰ 'ਅੱਗ ਦੇ ਵਪਾਰੀ' ਦਾ ਨਾਂ ਦਿਤਾ ਗਿਆ ਹੈ। ਇਹ ਖਤ ਉਸ ਵਪਾਰੀ ਦੇ ਨਾਂ ਹੈ। —ਸੰਪਾਦਕ**

ਸ. ਤਾਰਾ ਸਿੰਘ ਜੀ,

ਤੁਹਾਡਾ ਪਰਚਾ 'ਇੰਡੋ ਕਨੇਡੀਅਨ ਟਾਈਮਜ਼' ਲੰਬੇ ਸਮੇਂ ਤੋਂ ਭੜਕਾਊ ਮਸਾਲਾ ਪੇਸ਼ ਕਰਕੇ ਸਿਖ ਜਜ਼ਬਾਤਾਂ ਨਾਲ ਖੇਡ ਰਿਹਾ ਹੈ। ਇਹ ਗੱਲ ਵੀ ਸਾਫ਼ ਹੈ ਕਿ.. ...ਤੁਹਾਡੇ ਸਰਪਰਸਤ ਪਾਠਕ, ਦਲੀਲ ਤੇ ਹੋਸ਼ ਨਾਲ ਤੁਹਾਥੋਂ ਵਖਰੀ ਗੱਲ ਕਰਨ ਵਾਲੇ ਹਰ ਵਿਅਕਤੀ ਨੂੰ 'ਗ਼ਦਾਰ' 'ਏਜੰਟ' 'ਸਿੱਖ ਦੁਸ਼ਮਣ' ਦੀਆਂ ਮੋਹਰਾਂ ਤੋਂ ਲੈ ਕੇ ਕਤਲ ਦੀਆਂ ਧਮਕੀਆਂ ਅਤੇ ਜਿਸਮਾਨੀ ਹਮਲਿਆਂ ਤੀਕ ਨਾਲ ਮਿਲਦੇ ਹੋਂ।......ਤੁਹਾਡੇ ਵਰਗਿਆਂ ਨੇ ਇਕ ਐਸਾ ਖੌਫਨਾਕ ਮਹੌਲ ਪੈਦਾ ਕਰ ਦਿਤਾ ਹੈ ਕਿ ਕੋਈ ਵੀ ਹੋਸ਼ਮੰਦ ਇਨਸਾਨ ਆਪਣੀ ਪੱਗ ਅਤੇ ਪਤ ਬਚਾਉਣ ਦੇ ਫਿਕਰ ਵਿਚ ਤੁਹਾਨੂੰ ਅਕਲ ਦੀ ਗੱਲ ਆਖਣ ਤੋਂ ਤਰਭਕਦਾ ਹੈ। ਪ੍ਰੰਤੂ ਕਿੰਨੀ ਕੁ ਦੇਰ ਚੁੱਪ ਰਹਿਆ ਜਾ ਸਕੇਗਾ ? ਇੰਦਰਾ ਦੀ ਮੌਤ ਤੋਂ ਬਾਅਦ ਸਿੱਖਾਂ ਦੀ ਦਰਦਨਾਕ ਕਤਲੋਗਾਰਤ ਨੂੰ ਮੱਦੇ-ਨਜ਼ਰ ਰਖਦਿਆਂ ਤੁਹਾਨੂੰ ਅਤੇ ਤੁਹਾਡੇ ਪਾਠਕਾਂ ਨੂੰ ਕੁਝ ਕਹਿਣ ਦਾ ਹੌਸਲਾ ਕਰ ਰਿਹਾ ਹਾਂ।

ਕੋਈ ਵੀ ਸੂਝਵਾਨ ਵਿਅਕਤੀ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ ਲੰਬੇ ਸਮੇਂ ਤੋਂ ਪੰਜਾਬ ਨਾਲ ਅਤੇ ਕਈ ਮਸਲਿਆਂ ਉਤੇ ਸਿੱਖਾਂ ਨਾਲ ਹੋਈਆਂ ਵਧੀਕੀਆਂ ਦੇ ਮਸਲੇ ਨੂੰ ਭਾਰਤ ਦੀ ਕੇਂਦਰੀ ਸਰਕਾਰ ਨੇ ਲਮਕਾਇਆ ਅਤੇ ਉਲਝਾਇਆ ਹੈ। ਪੰਜਾਬ ਨੂੰ ਛਾਂਗਣਾ ਅਤੇ ਪੰਜਾਬੀ ਹਿੰਦੂਆਂ ਨੂੰ ਪੰਜਾਬੀ ਜ਼ਬਾਨ ਤੋਂ ਬੇਮੁੱਖ ਹੋਣ ਲਈ ਉਕਸਾਉਣਾ, ਕੇਂਦਰੀ ਸਰਕਾਰ ਦੀਆਂ ਮੁੱਖ ਵਧੀਕੀਆਂ ਵਿਚੋਂ ਹਨ। ਇਸ ਗੱਲ 'ਚ ਵੀ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਪਿਛਲੇ ਤਿੰਨਾਂ ਸਾਲਾਂ ਦੌਰਾਨ, ਪੰਜਾਬ ਵਿਚ ਵਧ ਰਹੀ ਖਿਚੋਤਾਣ ਨੂੰ ਹੋਰ ਪੇਚੀਦਾ ਬਣਨ ਲਈ ਸਰਕਾਰ ਅੰਦਰੋ ਅੰਦਰੀ ਹੱਲਾ ਸ਼ੇਰੀ ਦੇ ਰਹੀ ਸੀ। ਦਰਬਾਰ ਸਾਹਿਬ ਸਾਹਿਬ ਵਿਚ ਹਥਿਆਰਾਂ ਦੀ ਆਵਾਜਾਈ ਸਰਕਾਰ ਦੀ ਸ਼ਰਾਰਤ ਦਾ ਹਿੱਸਾ ਸੀ। ਪੰਜਾਬ ਵਿਚ ਹਿੰਦੂਆਂ ਦੇ ਕਤਲ ਅਤੇ ਹਰਿਆਣੇ ਵਿਚ ਸਿਖਾਂ ਦੀ ਮਾਰਧਾੜ ਸਰਕਾਰ ਦੀ ਸਿਆਸੀ ਚਾਲ ਦੇ ਸੂਤ ਬੈਠਦੀ ਸੀ। ਸਰਕਾਰ ਇਕ ਅਜੇਹੇ ਮਹੌਲ ਦੀ ਬੇਸਬਰੀ ਨਾਲ ਉਡੀਕ ਕਰ ਰਹੀ ਸੀ ਜਿਸ ਵਿਚ ਦਰਬਾਰ ਸਾਹਿਬ ਉਤੇ ਹਮਲਾਂ ਜਾਇਜ਼ ਠਹਿਰਾਇਆ ਜਾ ਸਕੇ। ਇੰਞ ਜਿਨ੍ਹਾਂ ਲੋਕਾਂ ਨੇ ਵੀ ਅਕਾਲ ਤਖਤ ਜਾਂ ਦਰਬਾਰ ਸਾਹਿਬ ਵਿਚ ਹਥਿਆਰਾਂ ਦੇ ਭੰਡਾਰ ਜਮ੍ਹਾਂ ਕੀਤੇ, ਉਹ ਅਣਜਾਣੇ ਵਿਚ ਸਰਕਾਰ ਦੀਆਂ ਚਾਲਾਂ ਦੇ ਸ਼ਿਕਾਰ ਹੀ ਹੋਏ ਹਨ। ਹਰ ਫਿਰਕੇ ਦੇ ਸਿਆਣੇ ਤੱਤਾਂ ਨੇ ਇਸ ਹਮਲੇ ਦੀ ਡਟ ਕੇ ਨਿਖੇਧੀ ਕੀਤੀ ਹੈ।

ਹਰ ਸਿਆਸੀ ਪਾਰਟੀ ਤਾਕਤ ਲਈ ਲੜਦੀ ਹੈ। ਪਰ ਭਾਰਤ ਦੀ ਸਿਆਸਤ ਏਨੀ ਨਿੱਘਰ ਚੁੱਕੀ ਹੈ ਕਿ ਕੁਰਸੀ ਲਈ, ਦੂਜੀਆਂ ਪਾਰਟੀਆਂ ਨੂੰ ਉਖੇੜਨ ਲਈ ਤੇ ਆਪਣੀ ਹੀ ਪਾਰਟੀ ਵਿਚਲੇ ਵਿਰੋਧੀਆਂ ਨੂੰ ਥੱਲੇ ਲਾਹੁਣ ਲਈ ਲੀਡਰ ਲੋਕ ਘਟੀਆ ਤੋਂ ਘਟੀਆ ਹਥਿਆਰ ਵਰਤਣ ਤੋਂ ਗੁਰੇਜ਼ ਨਹੀਂ ਕਰਦੇ।......ਪਿਛਲੇ ਕੁਝ ਸਾਲਾਂ ਅੰਦਰ ਪੰਜਾਬ ਵਿਚ ਖਾਸ ਕਰਕੇ ਅਤੇ ਭਾਰਤ ਵਿਚ ਆਮ ਕਰਕੇ, ਆਪਣੀ ਚਾਲ ਨੂੰ ਠੀਕ ਰੱਖਣ ਲਈ ਲੀਡਰਾਂ ਵਲੋਂ ਅਜੇਹੇ ਪੈਂਤੜੇ ਲਏ ਗਏ ਹਨ ਕਿ ਪੂਰੀ ਕੌਮ ਤਬਾਹੀ ਦੇ ਮੁਹਾਣੇ ਉਤੇ ਜਾ ਖਲੋਤੀ ਹੈ। ਇਸ ਗੰਦੀ ਖੇਡ ਤੋਂ ਨਾ ਕਾਂਗਰਸ ਬਚੀ ਹੈ, ਨਾ ਅਕਾਲੀ ਦਲ, ਨਾ ਹਿੰਦੂ ਪਾਰਟੀਆਂ ਤੇ ਨਾ ਹੀ ਨਵਾਂ ਨਵਾਂ ਅਖਾੜੇ 'ਚ ਉਤਰਿਆ ਖਾਲਿਸਤਾਨਵਾਦੇ ਤੇ ਇਸ ਗੋਹਾਰੌਲੀ ਦਾ ਸਿਆਸੀ ਲਾਭ ਕੇਵਲ ਅਤੇ ਕੇਵਲ ਕਾਂਗਰਸ ਨੂੰ ਪਹੁੰਚਿਆ ਹੈ ਤੇ ਸਭ ਤੋਂ ਵੱਧ ਨੁਕਸਾਨ ਸਿਖਾਂ ਅਤੇ ਹਿੰਦੂਆਂ ਦੇ ਸਧਾਰਨ ਵਰਗ ਨੂੰ ਹੋਇਆ ਹੈ।...ਇੰਦਰਾ ਗਾਂਧੀ ਨੇ... ਕੁਰਪਟ ਸਿਆਸਤ ਅਤੇ ਫਿਰਕੂ ਜ਼ਹਿਰ ਨੂੰ ਆਪਣੀ ਸਿਆਸਤ ਦਾ ਧੁਰਾ ਬਣਾਇਆ। ਉਸ ਲਈ ਰਾਜਗੱਦੀ ਸਭ ਤੋਂ ਪਿਆਰੀ ਚੀਜ਼ ਸੀ। ਡੈਮੋਕਰੈਟਿਕ ਢਾਂਚੇ ਵਿਚ ਚਾਰ ਚੀਜ਼ਾਂ ਮੁਖ ਤੌਰ ਉਤੇ ਕਿਸੇ ਪ੍ਰਧਾਨ ਮੰਤਰੀ ਨੂੰ ਸਿੰਘਾਸਨ ਤੋਂ ਉਤਾਰ ਦੀਆਂ ਹਨ :

(ੳ) ਫੌਜੀ ਰਾਜ ਪਲਟਾ, (ਅ) ਬਦੇਸ਼ੀ ਹਮਲਾ, (ੲ) ਖਾਨਾ ਜੰਗੀ, (ਸ) ਪ੍ਰਧਾਨ ਮੰਤਰੀ ਦੀ ਆਪਣੀ ਹੀ ਪਾਰਟੀ ਵਿਚ ਬਗ਼ਾਵਤ। ਇੰਦਰਾ ਨੇ ਇਹਨਾਂ ਚਾਰ ਪਹਿਲੂਆਂ ਨੂੰ ਹੀ ਕੰਟਰੋਲ ਵਿਚ ਕੀਤਾ ਹੋਇਆ ਸੀ। ਫੌਜੀ ਬਣਤਰ ਅਜੇਹੇ ਢੰਗ ਨਾਲ ਕੀਤੀ ਕਿ ਫੌਜ ਦੀ ਬਗ਼ਾਵਤ ਕਾਮਯਾਬ ਹੋਣੀ ਉਮੀਦ ਤੋਂ ਬਾਹਰੀ ਗੱਲ ਹੈ। ਬਾਹਰਲੀ ਹਮਲੇ ਦਾ ਖ਼ਤਰਾ ਉਸ ਨੇ ਬੰਗਲਾ ਦੇਸ਼ ਬਣਾ ਕੇ ਉਕਾ ਹੀ ਨਾ-ਮੁਮਕਿਨ ਕਰ ਦਿੱਤਾ। ਖਾਨਾ ਜੰਗੀ, ਨਾਲ ਉਸ ਨੂੰ ਖਤਰਾ ਹੋ ਸਕਦਾ ਸੀ ਜੇਕਰ ਉਸਦੀ ਪਾਰਟੀ ਵਿਚੋਂ ਪਾਰਲੀਮੈਂਟ ਦੇ ਮੈਂਬਰ ਉਸ ਦੇ ਵਿਰੁਧ ਹੋ ਜਾਂਦੇ ਪ੍ਰੰਤੂ ਉਸਦੇ ਬਾਪ ਜਵਾਹਰ ਲਾਲ ਨਹਿਰੂ ਨੇ

ਕੁਰਪਸ਼ਨ ਦੀਆਂ ਐਸੀਆਂ ਫਸਲਾਂ ਬੀਜੀਆਂ ਕਿ ਭਾਰਤ ਦੇ ਸਿਆਸੀ ਖਿਡਾਰੀਆਂ ਦੀ ਜ਼ਮੀਰ ਉਕਾ ਹੀ ਉਡ ਪੁਡ ਗਈ ਹੈ। ਪਾਰਲੀਮੈਂਟ ਤੇ ਅਸਬੰਲੀਆਂ ਦੇ ਮੈਂਬਰ ਮੰਡੀ ਦਾ ਮਾਲ ਹੋ ਕੇ ਰਹਿ ਗਏ ਹਨ ਤੇ ਇੰਦਰਾ ਗਾਂਧੀ ਨੇ ਲੋੜ ਮੁਤਾਬਕ ਮੈਂਬਰਾਂ ਨੂੰ ਕੌਡੀਆਂ ਦੇ ਭਾਅ ਤੇ ਲੱਖਾਂ ਰੁਪਿਆਂ ਦੇ ਭਾਅ ਖਰੀਦਿਆ। ਵਿਕਾਊ ਮਾਲ ਦੀ ਜ਼ਮੀਰ ਹੀਣਤਾ ਦੀ ਚਮਕਦੀ ਮਿਸਾਲ ਇਹ ਹੈ ਕਿ ਪੰਜਾਬ ਵਿਚ ਤਿੰਨ ਸਾਲ ਤੋਂ ਚੱਲ ਰਹੇ ਘੱਲੂਘਾਰੇ ਨੂੰ ਸੁਲਝਾਉਣ ਲਈ ਪੰਜਾਬ ਦੇ ਇਕ ਵੀ ਕਾਂਗਰਸੀ ਨੇ ਇਹ ਕਹਿਣ ਦੀ ਜ਼ੁਰਅਤ ਨਹੀਂ ਕੀਤੀ ਕਿ ਸਭ ਮੰਗਾਂ ਜਾਇਜ਼ ਹਨ ਤੇ ਉਹਨਾਂ ਨੂੰ ਸਵੀਕਾਰ ਕਰਕੇ ਪੰਜਾਬ ਵਿਚ ਅਮਨ ਕੀਤਾ ਜਾਵੇ। ਕਾਰਨ : ਛੋਟੇ ਤੋਂ ਛੋਟੇ ਕਾਂਗਰਸੀ ਯੂਨਿਟ ਦਾ ਸਕੱਤਰ ਵੀ ਆਪਣੀ ਸਕੱਤਰੀ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੁੰਦਾ। ਦਰਬਾਰ ਸਾਹਿਬ ਦੇ ਹਮਲੇ ਤੋਂ ਬਾਦ ਵੀ ਇੱਕਾ ਦੁੱਕਾ ਕਾਂਗਰਸੀਆਂ ਨੇ ਅਸਤੀਫੇ ਸਿਆਸੀ ਮੰਤਵਾਂ ਲਈ ਹੀ ਦਿੱਤੇ ਹਨ। ਸੋ ਇੰਦਰਾ ਗਾਂਧੀ ਦੀ ਗੱਦੀ ਕਤਲੋਗਾਰਤ, ਡਰ, ਭੈ ਅਤੇ ਖਿਚਧੂਹ ਦੇ ਮਹੌਲ ਵਿਚ ਵੀ ਪੂਰੀ ਤਰ੍ਹਾਂ ਸੁਰਖਿਅਤ ਸੀ।

ਏਸ ਤੋਂ ਬਿਨਾਂ ਇੰਦਰਾ ਗਾਂਧੀ ਏਸ ਗੱਲ ਨੂੰ ਵੀ ਸਮਝ ਗਈ ਸੀ ਕਿ ਰਾਜਸੀ ਤਾਕਤ ਨੂੰ ਸਾਂਭੀ ਰਖਣ ਲਈ ਦੇਸ਼ ਨੂੰ ਫਿਰਕੂ, ਇਲਾਕਾਵਾਦ, ਅਤੇ ਜ਼ਾਤਪਾਤ ਦੇ ਝਗੜਿਆਂ ਵਿਚ ਉਲਝਾਈ ਰਖਣਾ ਅਤੀ ਜ਼ਰੂਰੀ ਸੀ। ਭਾਰਤ ਵਿਚ ਬਹੁਗਿਣਤੀ ਹਿੰਦੂ ਅਤੇ ਹਰੀਜਨਾਂ ਦੀ ਹੈ। ਇੰਦਰਾ ਗਾਂਧੀ ਦੀ ਸਿਆਸੀ ਚਾਲ ਇਹ ਸੀ ਕਿ ਦੇਸ਼ ਵਿਚ ਅਜੇਹਾ ਮਹੌਲ ਰਹੇ ਕਿ ਇਹ ਦੋਵੇਂ ਵਰਗ ਦੂਜੇ ਵਰਗਾਂ ਤੋਂ ਤਰਭਕਦੇ ਰਹਿਣ ਤਾਂ ਕਿ ਖੌਫ ਅਤੇ ਬੇਯਕੀਨੀ ਦੇ ਮਹੌਲ ਵਿਚ ਹਿੰਦੂ ਅਤੇ ਹਰੀਜਨ ਇੰਦਰਾ ਨੂੰ ਆਪਣੀ ਰਖਵਾਲਣ ਸਮਝਣ। ਇਹ ਚਾਲ ਉਸ ਨੇ ਪੰਜਾਬ ਵਿਚ ਪੂਰੀ ਕਾਮਯਾਬੀ ਨਾਲ ਖੇਡੀ ਹੈ ਤੇ ਨਤੀਜੇ ਦੇ ਤੌਰ ਤੇ ਪੂਰੇ ਭਾਰਤ ਦਾ ਹਿੰਦੂ ਉਸਨੂੰ ਦੇਵੀ ਦੇ ਰੂਪ ਵਿਚ ਦੇਖਣ ਲਗ ਪਿਆ ਸੀ।

ਪੰਜਾਬ ਵਿਚ ਮੰਗਾਂ ਸਨ ਪੰਜਾਬੀਆਂ ਦੀਆਂ ਤੇ ਲੜਾਈ ਸੀ ਕੇਂਦਰ ਦੇ ਖਿਲਾਫ ਜਿਸ ਵਿਚ ਪੰਜਾਬ ਦੇ ਸਿਖ ਐਮ. ਪੀ. ਤੇ ਸਿਖ ਵਜ਼ੀਰ ਤੇ ਸਿਖ ਰਾਸ਼ਟਰਪਤੀ ਵੀ ਸੀ। ਪਰ ਇੰਦਰਾ ਨੇ ਉਸਦੇ ਪੈਂਤੜੇਬਾਜ਼ੀ ਦੇ ਬਾਦਸ਼ਾਹ ਜ਼ੈਲ ਸਿੰਘ ਦੀ ਕ੍ਰਿਪਾ ਸਦਕਾ ਪੰਜਾਬੀਆਂ ਦੇ ਘੋਲ ਨੂੰ ਕੇਵਲ ਸਿੱਖਾਂ ਦਾ ਘੋਲ ਬਣਾ ਦਿਤਾ ਤੇ ਹੌਲੀ ਹੌਲੀ ਇਸ ਘੋਲ ਨੂੰ ਹਿੰਦੂਵਾਦ ਦੇ ਖਾਤਮੇ ਦੇ ਘੋਲ ਵਿਚ ਬਦਲ ਦਿਤਾ। ਇੰਦਰਾ ਨੂੰ ਇਹ ਗੱਲ ਵਾਰਾ ਖਾਂਦੀ ਸੀ ਕਿ ਪੰਜਾਬ ਵਿਚ ਹਿੰਦੂ ਅਤੇ ਸਿੱਖਾਂ ਦੀ ਖਾਨਾਜੰਗੀ ਸ਼ੁਰੂ ਹੋਵੇ। ਉਸਨੂੰ ਨਾ ਹਿੰਦੂ ਪਿਆਰਾ ਸੀ ਨਾ ਸਿਖ। ਉਸਨੂੰ ਪਿਆਰੀਆਂ ਸਨ ਵੋਟਾਂ। ਸੋ ਉਸਨੂੰ ਉਹ ਐਕਸ਼ਨ ਫਾਇਦਾ ਦੇਂਦੇ ਸਨ ਜਿਨ੍ਹਾਂ ਨਾਲ ਉਸਦੀਆਂ ਵੋਟਾਂ ਵਿਚ ਵਾਧਾ ਹੋਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਰੇਲਾਂ, ਬੱਸਾਂ, ਪਿੰਡਾਂ ਸ਼ਹਿਰਾਂ ਵਿਚ ਹਰ ਰੋਜ਼ ਹਿੰਦੂਆਂ ਦੇ ਕਤਲ ਹੋ ਰਹੇ ਸਨ। ਮੈਨੂੰ ਨਹੀਂ ਪਤਾ ਇਹ ਕਤਲ ਕਿਸਨੇ ਕੀਤੇ ਪ੍ਰੰਤੂ ਇੰਦਰਾ ਗਾਂਧੀ ਇਸ ਗੱਲ ਵਿਚ ਸੌ ਫ਼ੀ ਸਦੀ ਕਾਮਯਾਬ ਹੋਈ ਕਿ ਹਿੰਦੁਸਤਾਨ ਭਰ ਵਿਚ ਇਹ ਕਤਲ ਸਿੱਖਾਂ ਦੇ ਜ਼ਿੰਮੇ ਲੱਗੇ। ਨਤੀਜੇ ਦੇ ਤੌਰ ਤੇ ਹਰਿਆਣੇ ਵਿਚ ਸਿੱਖਾਂ ਦੇ ਕਤਲ ਹੋਏ ਤੇ ਦੋਹਾਂ ਫਿਰਕਿਆਂ ਵਿਚ ਨਫਰਤ ਦੀ ਦੀਵਾਰ ਉਭਰਨੀ ਸ਼ੁਰੂ ਹੋਈ। ਇੰਦਰਾ ਨੂੰ ਇਸੇ ਚੀਜ਼ ਦੀ ਲੋੜ ਸੀ। ਲੱਖਾਂ ਹਿੰਦੂ, ਸਿੱਖਾਂ ਜਾਂ ਪੁਲਸੀਆਂ ਦੇ ਕਤਲ ਜੇਕਰ ਉਸਦੀਆਂ ਵੋਟਾਂ ਵਿਚ ਵਾਧਾ ਦੇਂਦੇ ਹਨ ਤਾਂ ਇਹ ਕਤਲ ਉਸਨੂੰ ਵਿਆਹ ਵਾਂਗ ਭੌਂਦੇ ਸੀ। ਦਰਬਾਰ ਸਾਹਿਬ ਵਿਚ ਹਥਿਆਰ ਜਮ੍ਹਾਂ ਹੋਣੇ, ਦਰਬਾਰ ਸਾਹਿਬ ਨੂੰ ਅਤਿਵਾਦੀਆਂ ਦੀ ਰਹਾਇਸ਼ ਸਾਬਤ ਕਰਨਾ ਤੇ ਫਿਰ ਹਮਲਾ ਕਰਕੇ ਅਕਾਲ ਤਖਤ ਢਾਹ ਦੇਣਾ, ਇਹ ਸਭ ਅਗਲੀਆਂ ਚੋਣਾਂ ਵਿਚ ਭਾਰਤ ਭਰ ਦੇ ਹਿੰਦੂਆਂ ਤੋਂ ਵੋਟਾਂ ਲੈਣ ਦੀ ਹੀ ਸਾਜ਼ਿਸ਼ ਸੀ।

ਅਤੇ ਸਿੱਖ.. ਜਾਣੇ ਅਣਜਾਣੇ...ਇਸ ਸਾਜ਼ਸ਼ ਦਾ ਪੂਰੀ ਤਰ੍ਹਾਂ ਸ਼ਿਕਾਰ ਹੋਏ ਹਨ। ਕਿਉਂਕਿ ਪੰਜਾਬ 'ਚ ਹੋਏ ਹਿੰਦੂਆਂ ਦੇ ਕਤਲ ਸਿੱਖਾਂ ਦੇ ਜ਼ਿੰਮੇ ਲੱਗ ਰਹੇ ਸਨ, ਸਿੱਖਾਂ ਦੀ ਲੀਡਰਸ਼ਿਪ ਇਨ੍ਹਾਂ ਕਤਲਾਂ ਦੀ ਜ਼ੋਰਦਾਰ ਨਿਖੇਧੀ ਕਰਨ ਵਿਚ ਅਤੇ ਸਰਕਾਰ ਦੀ ਇਸ ਸਾਜ਼ਸ਼ ਨੂੰ ਨੰਗਾ ਕਰਨ ਵਿਚ ਬੁਰੀ ਤਰ੍ਹਾਂ ਨਾਕਾਮਯਾਬ ਹੋਈ। ਸਗੋਂ ਸਿੱਖਾਂ ਦਾ ਇਕ ਹਿੱਸਾ ਤਾਂ ਇਨ੍ਹਾਂ ਕਤਲਾਂ ਉਤੇ ਅੰਦਰੋਂ ਅੰਦਰ ਕੱਛਾਂ ਵੀ ਮਾਰਦਾ ਸੀ : ਸ. ਤਾਰਾ ਸਿੰਘ ਜੀ, ਇਨ੍ਹਾਂ ਕਤਲਾਂ ਬਾਰੇ ਤੁਹਾਡਾ ਕੀ ਨਜ਼ਰੀਆ ਸੀ, ਇਹ ਤੁਸੀਂ ਆਪਣੀਆਂ ਪੁਰਾਣੀਆਂ ਸੁਰਖੀਆਂ ਦੀ ਟੋਨ ਦੇਖ ਕੇ ਯਾਦ ਕਰ ਸਕਦੇ ਹੋ। ਤੁਹਾਡੀ ਅਖਬਾਰ ਵਿਚ ਇਨ੍ਹਾਂ ਕਤਲਾਂ ਦੀ ਰੀਪੋਰਟਿੰਗ ਤੋਂ ਇਹ ਜ਼ਾਹਰ ਨਹੀਂ ਹੁੰਦਾ ਕਿ ਤੁਸੀਂ ਇਨ੍ਹਾਂ ਕਤਲਾਂ ਉਤੇ ਦੁਖੀ ਹੋ ਰਹੇ ਸੀ। ਇਸ ਸੁਘੜ ਤੇ ਦੂਰਦਰਸ਼ੀ ਪੱਤਰਕਾਰ ਦਾ ਇਹ ਫਰਜ਼ ਬਣਦਾ ਸੀ ਕਿ ਇਨ੍ਹਾਂ ਕਤਲਾਂ ਦੀ ਜ਼ੋਰਦਾਰ ਨਿਖੇਧੀ ਕਰਦਾ। ਜਿਸਨੇ ਵੀ ਇਹ ਕਤਲ ਕੀਤੇ ਉਹ ਸਿੱਖ ਅਤੇ ਪੰਜਾਬੀ ਕਾਜ਼ ਦਾ ਦੁਸ਼ਮਣ ਹੀ ਸੀ ਕਿਉ ਕਿ ਕੇਂਦਰ ਸਰਕਾਰ ਇਹੀ ਤਾਂ ਚਾਹੁੰਦੀ ਸੀ ਕਿ ਲੜਾਈ ਹਿੰਦੂਆਂ ਅਤੇ ਸਿੱਖਾਂ ਦੀ ਬਣੇ। ਭਾਵੇਂ ਉਹ ਹਿੰਦੂਆਂ ਦੀ ਸੀ ਭਾਵੇਂ ਸਿੱਖਾਂ ਦੀ, ਜੋ ਵੀ ਸੰਸਥਾ ਜਾਂ ਵਿਅਕਤੀ ਹਿੰਦੂ ਸਿੱਖਾਂ ਵਿਚ ਕੁੜੱਤਣ ਵਧਾਉਂਦੇ ਸਨ, ਉਹ ਜਾਣੇ ਅਣਜਾਣੇ ਸਰਕਾਰ ਦੀ ਮੱਦਦ ਹੀ ਕਰ ਰਹੇ ਸਨ।

ਤੇ ਪਿਛਲੇ ਕੁਝ ਮਹੀਨਿਆਂ ਤੋਂ ਖਾਲਿਸਤਾਨ ਦੀ

ਤੂਤੀ ਸਿਖਰਾਂ ਉਤੇ ਹੈ। ਤੁਸੀਂ ਵੀ ਖਾਲਿਸਤਾਨ ਦੇ ਪ੍ਰਚਾਰ ਵਿਚ ਕਿਸੇ ਤੋਂ-ਦੋ ਨੰਬਰ ਉਤੇ ਨਹੀਂ ਹੋ। ਸ. ਤਾਰਾ ਸਿੰਘ ਜੀ, ਇਤਿਹਾਸ ਦਸੇਗਾ ਕਿ ਕਿਵੇਂ ਤੁਸੀਂ ਅਤੇ ਤੁਹਾਡੇ ਵਰਗੇ ਹੋਰ ਲੋਕ, ਸਿੱਖਾਂ ਦੇ ਜਜ਼ਬਾਤਾਂ ਨਾਲ ਖੇਡਕੇ ਸਿੱਖਾਂ ਨੂੰ ਅੱਗ ਵਿਚ ਧੱਕ ਰਹੇ ਹੋ।ਤੁਸੀਂ ਲਿਖਦੇ ਹੋ ਕਿ ਸਰਕਾਰ ਖਾਲਿਸਤਾਨ ਦੇ ਨਾਅਰੇ ਤੋਂ ਕੰਬ ਰਹੀ ਹੈ, ਪਰ ਅਸਲੀਅਤ ਇਹ ਹੈ ਕਿ ਖਾਲਿਸਤਾਨ ਦਾ ਪ੍ਰਚਾਰ ਸਰਕਾਰ ਲਈ ਨਿਆਮਤ ਹੈ। ਇਹੀ ਤਾਂ ਹਥਿਆਰ ਹੈ ਹਿੰਦੁਸਤਾਨ ਭਰ ਦੇ ਹਿੰਦੂਆਂ ਨੂੰ ਇਹ ਜ਼ਾਹਰ ਕਰਨ ਦਾ ਕਿ ਸਿੱਖ ਵੱਖਵਾਦੀ ਹਨ। ਇੰਦਰਾ ਦੇ ਸ਼ਹਿਜ਼ਾਦੇ ਲਈ ਵੋਟਾਂ ਦੀ ਦੌਲਤ ਤੁਹਾਡੇ ਖਾਲਿਸਤਾਨੀ ਪ੍ਰਚਾਰ ਚੋਂ ਹੀ ਜਨਮੀ ਹੈ।

ਤੇ ਇੰਦਰਾ ਦੇ ਕਤਲ ਤੋਂ ਬਾਦ ਸਿੱਖਾਂ ਦਾ ਜੋ ਕਤਲੇਆਮ ਭਾਰਤ ਭਰ ਵਿਚ ਹੋਇਆ ਹੈ ਉਸਦੀ ਜ਼ਿੰਮੇਵਾਰੀ ਉਸ ਜ਼ਹਿਰੀਲੇ ਮਹੌਲ ਦੇ ਜ਼ਿੰਮੇ ਵੀ ਹੈ ਜੋ ਸਰਕਾਰ ਦੀ ਸਾਜ਼ਸ਼ ਦਾ ਸ਼ਿਕਾਰ ਹੋਈਆਂ ਤੁਹਾਡੇ ਵਰਗੀਆਂ ਅਖਬਾਰਾਂ ਤੇ ਖ਼ੁਦਗਰਜ਼ ਲੀਡਰਾਂ ਨੇ ਪੂਰੇ ਭਾਰਤ ਵਿਚ ਫੈਲਾ ਦਿਤਾ ਹੈ। ਕੀ ਦੱਸ ਸਕੋਗੇ ਕਿ 5‥,000 ਹਿੰਦੂ ਕਤਲ ਕਰਨ ਦਾ ਮਸ਼ਵਰਾ ਦੇਣ ਵਾਲਾ ਕਿਸੇ ਭਾਈ ਬਾਗੜੀ ਦਾ ਬਿਆਨ ਸਿੱਖਾਂ ਨੂੰ ਅਤਿਵਾਦੀ ਸਿੱਧ ਕਰਨ ਲਈ ਤਕੜਾ ਸਬੂਤ ਨਹੀਂ ? ਤੇ ਉਸ ਬਿਆਨ ਨੂੰ ਫਲੈਸ਼ ਕਰਕੇ ਕੀ ਮਹੌਲ ਦੀ ਕੁੜੱਤਣ ਨੂੰ ਸੰਘਣੀ ਕਰਨ ਵਿਚ ਤੁਸੀਂ ਜ਼ਿੰਮੇਵਾਰੀ ਤੋਂ ਬਚ ਸਕੋਂਗੇ ?

ਜ਼ਨਾਬ, ਕੈਨੇਡਾ, ਅਮਰੀਕਾ ਤੇ ਇੰਗਲੈਂਡ ਦੇ ਵਧੀਆ ਘਰਾਂ, ਕਾਰਾਂ ਤੇ ਫ਼ਰਿਜਾਂ ਦਾ ਅਨੰਦ ਮਾਣਕੇ ਖਾਲਿਸਤਾਨ ਦੇ ਡਕਾਰ ਮਾਰਨੇ ਬਹੁਤ ਅਸਾਨ ਹਨ ਖਾਲਿਸਤਾਨ ਦੀਆਂ ਸ਼ਰਟਾਂ, ਸਟਿੱਕਰ, ਤੇ ਬੈਜ ਸਜਾਉਣੇ ਬੜੇ ਸੌਖੇ ਹਨ ਕਿਉਂਕਿ ਇਥੇ ਤਾਂ ਚੀਚੀ ਉਤੇ ਝਰੀਟ ਵੀ ਨਹੀਂ ਆਉਣੀ। ਪਰ ਖੁਦਾ ਦਾ ਵਾਸਤਾ ਹੈ ਕਿ ਭਾਰਤ ਦੇ ਹਾਥੀ ਜੇਡੇ ਨਕਸ਼ੇ ਉਪਰ ਪੰਜਾਬ ਦੀ ਚੱਪਾ ਕੁ ਟੁਕੜੀ ਨੂੰ ਜ਼ਰਾ ਧਿਆਨ ਨਾਲ ਜ਼ਰੂਰ ਦੇਖ ਲਵੋ। ਭਾਰਤ ਭਰ ਵਿਚ ਖਿਲਰੀ ਹੋਈ ਸਿੱਖਾਂ ਦੀ ਦੋ ਫੀ ਸਦੀ ਅਬਾਦੀ ਨੂੰ ਜ਼ਰੂਰ ਤੋਲ ਲਵੋ। ਪਾਕਿਸਤਾਨ ਜਾਂ ਕਿਸੇ ਹੋਰ ਮੁਲਕ ਦੀ ਸ਼ਾਹ 'ਉਤੇ ਮੁੱਛਾਂ ਕਟਵਾ ਲੈਣਾ ਸਿਆਣਪ ਨਹੀਂ। ਦੋ ਹਜ਼ਾਰ ਦੇ ਕਰੀਬ ਕਤਲ ਹੋਏ ਸਿੱਖਾਂ ਦੀਆਂ ਰੂਹਾਂ ਜਜ਼ਬਾਤ ਦੀ ਨਹੀਂ ਹੋਸ਼ ਦੀ ਮੰਗ ਕਰਦੀਆਂ ਹਨ। ਤੁਹਾਡੇ ਖਾਲਿਸਤਾਨ ਦੇ ਹਵਾਈ ਨਾਅਰਿਆਂ ਨਾਲ ਥੋਡਾ ਤਾਂ ਕੱਖ ਨਹੀਂ ਵਿਗੜਨਾ। ਤਬਾਹੀ ਹੋਣੀ ਹੈ ਉਨ੍ਹਾਂ ਲੱਖਾਂ ਸਿੱਖਾਂ ਦੀ ਜਿੰਨ੍ਹਾਂ ਤੀਲੀ ਤੀਲੀ ਜੋੜ ਕੇ ਭਾਰਤ ਦੇ ਹਰ ਸੂਬੇ ਵਿਚ ਆਲ੍ਹਣੇ ਬਣਾਏ ਹਨ। ਖਾਲਿਸਤਾਨ ਖੋਪੇ ਦੀ ਗਿਰੀ ਨਹੀਂ ਜਿਹੜੀ ਤੁਹਾਨੂੰ ਥਾਲ ਵਿਚ ਪਰੋਸ ਕੇ ਭੇਟ ਹੋ ਜਾਣੀ ਹੈ। ਪੰਜਾਬ ਦੀ ਤੇ ਸਿੱਖਾਂ ਦੀ ਤਬਾਹੀ ਨਾ ਕਰਵਾ ਕੇ ਬੈਠ ਜਾਇਓ। ਪਾਠਕਾਂ ਦੇ ਜਜ਼ਬਾਤਾਂ ਨੂੰ ਪੁੱਠੇ ਪਾਉਣ ਲਈ ਸਮੁੱਚੇ ਸਿੱਖ ਸੰਸਾਰ ਨੂੰ ਭੜਕੀ ਅੱਗ 'ਚ ਨਾ ਝੋਕੋ। ਪਾਠਕਾਂ ਤੋਂ ਸੇਧ ਲੈਣ ਦੀ ਥਾਂ ਪਾਠਕਾਂ ਨੂੰ ਸੇਧ ਦਿਉ। ਤੁਹਾਡੇ ਹੀ ਹਵਾਈ ਨਾਅਰਿਆਂ ਨਾਲ ਥੋਨੂੰ ਬਦਨਾਮ ਕਰਕੇ ਸਰਕਾਰ ਭਾਰਤ ਦੇ ਸਿੱਖਾਂ ਨੂੰ ਮਲੀਆ ਮੇਟ ਕਰਨ ਤੇ ਤੁਲੀ ਹੋਈ ਹੈ। ਹਿੰਦੂ ਸਿੱਖਾਂ ਵਿਚ ਹੋਰ ਜ਼ਹਿਰ ਨਾ ਖਿੰਡਾਓ। ਲਾਟਾਂ ਪੈਟਰੋਲ ਨਹੀਂ ਪਾਣੀ ਨਾਲ ਹੀ ਬੁਝਣਗੀਆਂ— ਅੱਗੋ ਤੁਹਾਡੀ ਮਰਜ਼ੀ ਹੈ—

**ਸੁਰਿੰਦਰ ਸਿੰਘ**

ਕੈਨੇਡਾ ਦਰਪਣ 1-15 ਦਸੰਬਰ ਅੰਕ ਤੋਂ ਧੰਨਵਾਦ ਸਾਹਿਤ

○○

---

ਕਹਾਣੀ

## ਡੈਫੋਡਿਲ ਦੀ ਵਾਪਸੀ

**ਜਿੰਦਰ**

ਅਖੀਰ 'ਚ ਤੂੰ ਲਿਖਿਆ ਹੈ ਹੱਲ। ਬਹੁਤ ਛੋਟਾ ਸ਼ਬਦ ਹੈ। ਹੱਲ ਬਣਿਆ ਹੈ। ਹੱ+ਲ। ਪਰ ਪ੍ਰਸ਼ਨ ਹੈ ਬਹੁਤ ਵੱਡਾ। ਠੀਕ ਇਉਂ ਜਿਵੇਂ ਆਪਾਂ ਪੋਲੇ ਜਿਹੇ ਮੂੰਹ ਨਾਲ ਕਹਿ ਦੇਂਦੇ ਹਾਂ ਹਿਮਾਲਿਆ ਪਹਾੜ। ਪਰ ਜਦੋਂ ਉਸਦੀ ਲੰਬਾਈ ਚੌੜਾਈ ਤੇ ਉਚਾਈ ਨੂੰ ਦੇਖੀਏ ਤਾਂ ਹੈਰਾਨ ਹੀ ਰਹਿ ਜਾਂਦੇ ਹਾਂ।

ਚਿੱਠੀ ਤੇਰੀ ਦਾ ਪਤਾ ਮੈਨੂੰ ਰਾਤੀਂ ਹੀ ਲੱਗ ਗਿਆ ਸੀ ਆਉਂਦਿਆਂ ਹੀ। ਮਿਸਿਜ਼ ਨੇ ਉਚੇਚਾ ਦਸਿਆ ਸੀ। ਘਰ 'ਚ ਮੋਮਬਤੀ ਜਗ ਰਹੀ ਸੀ। ਮੱਧਮ ਜਿਹੀ। ਅੱਧ ਪਚੱਧੀ ਲੋਅ ਵੰਡਦੀ ਹੋਈ। ਉਹਦੀ ਲੋਅ ਨਾਲੋਂ ਮੈਂ ਤੇਰੀ ਚਿੱਠੀ ਸਵੇਰੇ ਹੀ ਪੜਣੀ ਠੀਕ ਸਮਝਦੀ ਸੀ। ਪਿੰਡ 'ਚ ਬਿਜਲੀ ਘਟ ਔਂਦੀ ਹੈ। ਸਿਰਫ ਕਹਿਣ ਨੂੰ ਹੀ। ਮੇਰੇ ਦਫਤਰ 'ਚ ਵੀ ਦਿਨੇ ਜਨਰੇਟਰ ਚਲਦਾ ਰਹਿੰਦਾ ਹੈ।

ਅੱਧਾ ਪਿੰਡ ਤਾਂ ਮੇਰੇ ਆਉਂਦਿਆਂ ਕਰਦਿਆਂ ਤੀਕ ਸੁੱਤਾ ਪਿਆ ਹੁੰਦਾ। ਅੱਧਾ ਸੁੰਨਾ ਸੁੰਨਾ ਹੁੰਦਾ ਹੈ। ਇਉਂ ਜਿਵੇਂ ਕਬਰਾਂ ਦੀ ਚੁੱਪ ਦਾ ਰਾਜ ਹੋਵੇ। ਟੈਂਕਾਂ ਹੇਠ ਲਿਤਾੜੀ ਗਈ ਸੜਕ ਉਪਰ ਠੋਕਰਾਂ ਖਾਂਦਾ, ਆਪਣੇ ਆਪ ਨੂੰ ਬਚਾਉਂਦਾ ਤੇ ਬੈਠ ਬੈਠ ਪੈਰ ਧਰਦਾ ਧਰਦਾ ਪੰਚਾਇਤ ਘਰ ਕੋਲ ਔਂਦਾ ਹਾਂ। ਪਿੰਡ 'ਚ ਸਿਰਫ ਕਿਤੇ ਕਿਤੇ ਕੁਤਿਆਂ ਦੇ ਭੌਂਕਣ ਦੀਆਂ ਆਵਾਜ਼ਾਂ ਦਾ ਸ਼ੋਰ ਹੁੰਦਾ ਹੈ। ਟਾਵਾਂ ਟਾਵਾਂ ਕਿਤੇ ਕਿਤੇ ਦੀਵਾ ਜਗਦਾ ਹੁੰਦਾ। ਮੇਰੀ ਬੀਬੀ ਤੇ ਮਿਸਿਜ਼ ਜ਼ਰੂਰ ਮੈਨੂੰ ਉਡੀਕਦੀ ਚੁਲ੍ਹੇ ਅਗੇ ਬੈਠੀਆਂ ਹੁੰਦੀਆਂ। ਮਿਸਿਜ਼ ਜਿਸ

ਦੀਆਂ ਅੱਖਾਂ 'ਚ ਹਫ਼ਤੇ ਭਰ ਦਾ ਇੰਤਜ਼ਾਰ ਕੁਲ ਬੁਲ ਕੁਲ ਬੁਲ ਕਰ ਰਿਹਾ ਹੁੰਦਾ ਜਾਂ ਬੀਬੀ ਜਿਹੜੀ ਕੁਤਿਆਂ ਦੇ ਲਗਾਤਾਰ ਭੌਂਕਣ ਤੇ ਜੁੱਤੀ ਦੇ ਖੜਾਕ ਤੋਂ ਅੰਦਾਜ਼ਾ ਲਾ ਲੈਂਦੀ ਹੈ ਕਿ ਉਸਦਾ ਪੁੱਤ ਹਫਤੇ ਬਾਦ ਘਰ ਆ ਰਿਹਾ ਹੈ ਬਨਵਾਸ ਕੱਟ ਕੇ । ਬਚਿਆਂ ਨਾਲ ਤਾਂ ਗੱਲ ਬਾਤ ਸਵੇਰ ਨੂੰ ਹੀ ਹੁੰਦੀ ਹੈ ।

ਪਹਿਲਾਂ ਮੈਂ ਰੋਜ਼ ਘਰ ਆ ਜਾਂਦਾ ਸੀ । ਦਫਤਰੋਂ ਪੰਜ ਵਜੇ ਛੁਟੀ ਹੋ ਜਾਂਦੀ । ਬਸ ਸਟੈਂਡ ਤੇ ਸਾਈਕਲ ਰੱਖ ਮੈਂ ਸਾਢੇ ਪੰਜ ਦੀ ਬਸ ਫੜਦਾ ਤੇ ਸਤ ਵਜੇ ਘਰ ਪਹੁੰਚ ਜਾਂਦਾ । ਸੰਪਰਦਾਇਕ ਦੰਗਿਆਂ ਨੇ ਹਵਾਵਾ ਵਿਚ ਮਹਿਕਾਂ ਦੀ ਥਾਂ ਜ਼ਹਿਰਾਂ ਘੋਲ ਦਿੱਤੀਆਂ ਸਨ । ਕਰਫਿਊ ਲਗਾ ਸੀ । ਕਤਲ ਹੋਏ ਸਨ । ਬੱਸਾਂ ਦੇ ਸਮੇਂ ਘੱਟ ਗਏ ਸਨ । ਸਤ ਵਜੇ ਤੋਂ ਬਾਦ ਬਸਾਂ ਕਿਤੇ ਵੀ ਆ ਜਾ ਨਹੀਂ ਸਕਦੀਆਂ ਸਨ । ਮੈਂ ਪਿੰਡ ਆਉਂਦਾ ਰਿਹਾ ਪਰ ਹੁਣ ਤਾਂ ਪੰਜ ਵਜੇ ਤੋਂ ਬਾਦ ਬੱਸ ਕਿਸੇ ਪਾਸੇ ਵੀ ਨਹੀਂ ਚਲਦੀਆਂ । ਮੈਨੂੰ ਕਮਰਾ ਕਿਰਾਏ ਤੇ ਲੈ ਕੇ ਜਲੰਧਰ ਰਹਿਣਾ ਪਿਆ । ਮੈਂ ਸ਼ਨੀਵਾਰ ਪਿੰਡ ਔਂਦਾ ਤੇ ਸੋਮਵਾਰ ਵਾਪਸ ਚਲੇ ਜਾਂਦਾ ਹਾਂ ।

× × × ×

ਸੌਣ ਤੋਂ ਪਹਿਲਾਂ ਮਿਸਿਜ਼ ਨੇ ਫੇਰ ਪੁਛਿਆ ਸੀ "ਤੁਹਾਡੀ ਬਦਲੀ ਦਾ ਕੀ ਬਣਿਆ"

"ਗੱਲ ਚਲ ਰਹੀ"

"ਹਰ ਵਾਰ ਤੁਸੀਂ ਇਉਂ ਹੀ ਕਹਿ ਛੱਡਦੇ ਹੋ — ਤੁਸੀਂ ਤਾਂ ਸ਼ਹਿਰ 'ਚ ਰਹਿੰਦੇ ਹੋ—ਸੋ ਜਾਨ—ਮਾਲ ਦੀ ਰਾਖੀ ਕਰਨ ਆਲੇ ਨੇ—ਸਾਡਾ ਇਥੇ ਕੌਣ ਹੈ ? ਪਰਸੋਂ ਵਾਲੀ ਘਟਨਾ ਦੇ ਡਰ ਦਾ ਭੂਤ ਉਸ ਉਪਰ ਉਸੇ ਤਰ੍ਹਾਂ ਦਾ ਸੀ । ਉਹਦੇ ਸਾਹਾਂ 'ਚ ਡਰ ਰਚ ਮਿੱਚ ਗਿਆ ਸੀ । ਡਰ ਜਿਹੜਾ ਘੱਟਣ ਦੀ ਥਾਂ ਤੇ ਵਧ ਰਿਹਾ ਸੀ ਸੌਣ ਭਾਦੋਂ 'ਚ ਆਪਣੇ ਜਾਂਗੜਾਂ ਨੂੰ ਫੈਲਾਉਂਦੀ ਜਾ ਰਹੀ ਇਸ ਸਿਟ ਵਾਂਗੂੰ ਮਿਸਿਜ਼ ਕਦੀ ਉਠ ਕੇ ਬੈਠ ਜਾਂਦੀ, ਕਦੀ ਲੰਮੀ ਪੈ ਜਾਂਦੀ ਜਿਵੇਂ ਉਸਨੂੰ ਅਚੋਤਾਈ ਲਗੀ ਹੋਵੇ ।

"ਸਾਰਾ ਪਿੰਡ"

"ਸਾਰਾ ਪਿੰਡ ਕਿੰਨ੍ਹਾਂ ਦਾ"

"ਐਵੇਂ ਚਿੰਤਾ ਨਾ ਕਰੀਦੀ"

"ਨਿਆਣੇ ਤਾਂ ਸੌਂ ਜਾਂਦੇ ਆ—ਅਸੀਂ ਸਾਰੀ ਰਾਤ ਜਾਗ ਕੇ ਲੰਘਾਈਦੀ ਆ—ਮੈਂ ਤਾਂ ਸ਼ਿਵ ਤੇ ਰਤਨਦੀਪ ਨੂੰ ਤਰਕਾਲਾਂ ਤੋਂ ਬਾਦ ਘਰੋਂ ਨਹੀਂ ਨਿਕਲਣ ਦੇਂਦੀ—ਪਤਾ ਨਹੀਂ ਕਿਹੜੇ ਵੇਲੇ ਕੀ ਹੋ ਜਾਵੇ—ਜਾਨ ਤਰਾਹ—ਤਰਾਹ ਕਰਦੀ ਰਹਿੰਦੀ ਹੈ ।

ਕੁਝ ਨਹੀਂ ਹੁੰਦਾ"

"ਮਾਤਾ ਜੀ ਨੇ ਮੈਨੂੰ ਦਸਿਆ ਸੀ—ਪਾਕਿਸਤਾਨ ਬਨਣ ਵੇਲੇ ਵੀ ਐਦਾਂ ਹੀ ਹੋਇਆ ਸੀ" ਉਹਦੀ ਅਵਾਜ਼ 'ਚ ਘਬਰਾਹਟ ਘੱਟ ਨਹੀਂ ਰਹੀ ਸੀ ਮੇਰੇ ਹੁੰਦਿਆਂ ਵੀ ।

"ਪਰ ਪਾਕਿਸਤਾਨ ਤੇ ਖਾਲਿਸਤਾਨ 'ਚ ਫਰਕ ਆ" ਖਾਲਿਸਤਾਨ ਸ਼ਬਦ ਬੁੱਲ੍ਹਾਂ ਨਾਲ ਚਿਪਕ ਗਿਆ ਹੈ । ਹਰ ਰੋਜ਼ ਵੀਰਾਨ ਅਖ਼ਬਾਰਾਂ 'ਚ ਫੈਲਾਈ ਦਹਿਸ਼ਤ ਤੇ ਅਫਵਾਹਾਂ ਦੇ ਵਾ-ਵਰੋਲਿਆਂ ਦੀਆਂ ਛੁਰੀਆਂ ਚਲਦੀਆਂ ਰਹਿੰਦੀਆਂ ਹਨ । ਸ਼ਹਿਰ—ਸ਼ਹਿਰ ਕਸਬੇ—ਕਸਬੇ, ਪਿੰਡ—ਪਿੰਡ, ਗਲੀਆਂ—ਗਲੀਆਂ, ਕਾਲਜਾਂ—ਸਕੂਲਾਂ, ਪੁਲਿਸ ਚੌਕੀਆਂ, ਮਿਲਟਰੀ ਕੈਂਪਾਂ, ਦਫਤਰਾਂ, ਸਟੇਸ਼ਨਾਂ, ਅੱਡਿਆਂ ਤੇ ਇਸ ਸ਼ਬਦ ਦਾ ਵਾਹ ਚਲਦਾ ਹੈ । ਇਹ ਸ਼ਬਦ ਆਪ ਮੁਹਾਰੇ ਹੀ ਮੂੰਹੋਂ ਨਿਕਲ ਜਾਂਦਾ ਹੈ ।

"ਬੱਸ—ਤੁਸੀਂ ਲੈ ਦੇ ਕੇ ਬਦਲੀ ਕਰਵਾ ਲਓ" ਮਿਸਿਜ਼ ਆਪਣੀ ਜ਼ਿਦ ਲਈ ਬੈਠੀ ਰਹੀ ਸੀ ।

× × ×

ਬਦਲੀ ਮੈਂ ਕਰਾ ਲਈ ਸੀ ਦੂਜੇ ਸ਼ਹਿਰ ਦੀ । ਬੜੀ ਨੱਠ ਭੱਜ ਤੋਂ ਬਾਦ ਕੰਮ ਬਣਿਆ ਸੀ । ਮੈਂ ਸੋਚਿਆ ਸੀ ਅਰਾਜਕਤਾ 'ਚ ਰਹਿਣ ਦਾ ਕੋਈ ਹੱਜ ਨਹੀਂ । ਦੋ ਸਾਲ ਹੋ ਗਏ ਹਨ । ਰਾਜਨੀਤਕ ਖੇਡ ਚਲ ਰਹੀ ਹੈ ।

ਪੰਜ ਇਧਰ ਮਰਦੇ ਹਨ । ਦੋ ਉਧਰ ਮਰ ਜਾਂਦੇ ਹਨ । ਕਤਲ ਹੁੰਦੇ ਹਨ । ਡਾਕੇ ਪੈਂਦੇ ਹਨ । ਖੋ—ਲੁਟ ਹੁੰਦੀ ਹੈ । ਲੋਕ ਹਾਦਸਿਆਂ 'ਚ ਘਿਰ ਬੈਠੇ ਹਨ । ਜੀਭਾਂ ਤੇ ਜੰਦਰੇ ਲਗੇ ਹਨ । ਹਰ ਸਾਊ ਦੀ ਅੱਖ 'ਚ ਸਹਿਮ ਦੇ ਦਿਓ ਦਾ ਵਾਸਾ ਹੈ, ਕਾਰੋਬਾਰ ਠੱਪ ਹਨ । ਦੁਕਾਨਾਂ ਵੇਲੇ ਕੁਵੇਲੇ ਖੁਲਦੀਆਂ ਹਨ । ਬਹੁਤਿਆਂ ਨੇ ਤਾਂ ਅੱਧਾ ਸਾਲ ਘਰਾਂ 'ਚ ਲਿਆ ਕੇ ਰੱਖ ਲਿਆ ਹੈ—ਪਤਾ ਨਹੀਂ ਕਿਹੜੇ ਵੇਲੇ ਕਿਹੜੀ ਦੁਕਾਨ ਅੱਗ ਦੀ ਲਪੇਟ 'ਚ ਆ ਜਾਣੀ ਹੈ । ਸ਼ਹਿਰ 'ਚ ਜੰਗਲ ਹੈ । ਬਚਿਆਂ ਦੀ ਪੜਾਈ ਦਾ ਕੋਈ ਪਰੋਗਰਾਮ ਨਹੀਂ ਰਿਹਾ ਹੈ । ਕਾਲਜ ਸਕੂਲ ਚਾਰ ਦਿਨ ਖੁਲਦੇ ਹਨ ਤਾਂ ਹਫਤਾ ਬੰਦ ਰਹਿੰਦੇ ਹਨ । ਪੇਪਰਾਂ ਬਾਰੇ ਤਰੀਕ ਦੀ ਘੋਸ਼ਣਾ ਕੀਤੀ ਜਾਂਦੀ ਹੈ । ਫੇਰ ਟੀ ਵੀ । ਰੇਡੀਓ ਤੋਂ ਅਨਾਊਂਸ ਹੁੰਦਾ ਹੈ, ਕਿਸੇ ਕਾਰਨ ਕਰਕੇ ਪੇਪਰ ਅਜੇ ਨਹੀਂ ਕਰਵਾਏ ਜਾ ਸਕਦੇ । ਪਤਾ ਨਹੀਂ ਲਗਦਾ ਕੱਲ ਕਿਸ ਦੀ ਵਾਰੀ ਹੈ । ਲੋਕ ਅਖਬਾਰਾਂ 'ਚ ਲੱਭਦੇ ਹਨ ਖਬਰ ਕਿ ਕਿਹੜੇ ਜ਼ਿਲੇ 'ਚ ਕਿਹੜੀ ਵਾਰਦਾਤ ਹੋਈ ਹੈ । ਇਉਂ ਜਿਉਂ ਆਪਾਂ ਕਾਲਜ 'ਚ ਪੜਦੇ ਹੁੰਦੇ ਹੋਏ ਦੇਖਦੇ ਸੀ ਕਿਹੜੇ ਥਿਏਟਰ 'ਚ ਕਿਹੜੀ ਫਿਲਮ ਲੱਗੀ ਹੈ ।

ਟਰਾਂਸਫਰ ਲੈਟਰ ਹੱਥ 'ਚ ਆਉਂਦਿਆਂ ਮੈਨੂੰ ਇਉਂ ਲਗਿਆ ਸੀ ਜਿਵੇਂ ਮੇਰਾ ਪੁਨਰ ਜਨਮ ਹੋਇਆ ਹੋਵੇ। ਮਨ ਪਾਗਲ ਹੋਣ ਦੀ ਨੌਬਤ ਤੇ ਆ ਪਹੁੰਚਿਆ ਸੀ ਪਰ ਜਦ ਮੈਂ ਘਰ ਵਲ ਝਾਤੀ ਮਾਰੀ ਸੀ ਤਾਂ ਮਲੋ-ਮਲੀ ਮੇਰੀਆਂ ਅੱਖਾਂ ਭਰ ਆਈਆਂ ਸਨ। ਕੀ ਸੱਚੀਂ ਮੈਂ ਪਿੰਡ ਛੱਡ ਰਿਹਾ? ਯਾਰਾਂ ਬੇਲੀਆਂ ਕੋਲੋਂ ਵਿੱਛੜ ਰਿਹਾ? ਮੈਨੂੰ ਘਰ ਛਡਣਾ ਪਵੇਗਾ? ਪਿੰਡ ਦੀਆਂ ਗਲੀਆਂ— ਪ੍ਰਾਇਮਰੀ ਸਕੂਲ—ਮੀਤ ਕੇ ਖੂਹ ਵਾਲੀ ਜਾਮਨ—ਸੋਹਣ ਕੇ ਅਮਰੂਦ ਮਾਸਟਰਾਂ ਦੀਆਂ ਬੇਰੀਆਂ—ਕਟੰਕੀ ਦਾ ਕਮਾਦ। ਪੂਰੀ ਦੀ ਪੂਰੀ ਕਿਤਾਬ ਅੱਖਾਂ ਅਗੇ ਘੁੰਮ ਗਈ ਸੀ। ਵਿਹੜੇ 'ਚ ਆਪਣੀ ਹਥੀਂ ਲਾਈ ਧਰੇਕ। ਗੁਰਚਰਨ ਸਰਪੰਚ ਦੇ ਚੁਫੇਰੇ ਨਾਲ ਖਹਿੰਦੇ ਸਫੈਦੇ—ਸਭ ਪਰਾਏ ਹੋ ਜਾਣਗੇ। ਅਟਰਾਂ ਦਾ ਦੇਵੂ। ਹਰੀ — ਲਸ਼ਕਰ — ਕਾਮਰੇਡ— ਸਭ ਸੁਪਨਾ ਬਣ ਜਾਣਗੇ? ਰਹਿ ਰਹਿ ਕੇ ਇਕ ਇਕ ਗੱਲ ਵਾਰੀ ਵਾਰੀ ਯਾਦ ਆ ਰਹੀ ਸੀ—ਬਾਹਰਲੀ ਫਿਰਨੀ ਤੇ ਭਰਤੀ ਪੌਣਾਂ—ਜਿੱਦ ਜਿੱਦ ਕੇ ਬਾਰਾਂ ਬਾਰਾਂ ਗਲਾਸ ਚਾਹ ਦੇ ਪੀਣੇ—ਨਿੰਬੂ ਦੇ ਗਿਲਾਸ 'ਚ ਰੇਤਾ ਪਾਉਣੀ—ਗੁਰਦੁਆਰੇ ਦਾ ਸਲਾਨਾ ਅਖੰਡ ਪਾਠ—ਬਾਈ ਨੂੰ ਹਲਵੇ ਦੀਆਂ ਕਚੀਆਂ ਫਾਕੜਾਂ ਖਿਲਾਉਣੀਆਂ—ਪੂਰੇ ਜ਼ੋਰ ਨਾਲ ਜੈਕਾਰਾ ਕਢਣਾ—ਬੋਲੇ ਸੋ ਨਿਹਾਲ—ਜਿਹੜਾ ਨਾ ਬੋਲੇ—ਹਰਾਮ ਦਾ ਹੋਵੇ—ਲੰਗਰ ਲਈ ਬਾਲਣ ਕੱਠਾ ਕਰਨਾ—ਅੱਖ ਬਚਾ ਕੇ ਇਕ ਦੀ ਥਾਂ ਦੋ—ਦੋ ਭਰੀਆਂ ਚੁਕਣੀਆਂ—ਲਾਲ ਲਾਲ ਗੁੰਮੀਆਂ ਤੋੜਨਾਂ—ਬੰਨੇ ਤੇ ਰਗੜੀਆਂ—ਪੋਟਿਆਂ ਤੇ ਬਰੀਕ ਬਰੀਕ ਕੰਡਿਆਂ ਦਾ ਸਾੜ ਪੈਣਾ—ਟਿਬਿਆਂ ਤੋਂ ਹੇਠਾਂ ਚਿਤੜਾਂ ਭਾਰ ਰੁੜਣਾ। ਸਭ ਆਈਆਂ ਗਈਆਂ ਗੱਲਾਂ ਹੋ ਕੇ ਰਹਿ ਜਾਣਗੀਆਂ।

× × ×

ਜੰਗਲ ਪਾਣੀ ਗਿਆ ਮੈਂ ਸੁਰਜੀ ਕੇ ਘਰ ਚਲਾ ਗਿਆ ਸੀ ਮਾਸੋਸ ਕਰਨ। ਸੁਰਜੀਤ ਜਿਹੜੇ ਪੰਜਵੀਂ ਤੀਕ ਆਪਣੇ ਨਾਲ ਪੜ੍ਹਦਾ ਰਿਹਾ ਸੀ। ਤੂੰ ਕਿਤੇ ਭੁੱਲ ਤਾਂ ਨਹੀਂ ਗਿਆ। ਸਾਰਾ ਦਿਨ ਸਿਰ ਤੇ ਸੀਮੈਂਟ ਦੇ ਬੋਰੇ ਢੋਂਦਾ ਢੋਂਦਾ ਬੰਦਾ ਬਹੁਤ ਕੁਸ਼ ਭੁਲ ਜਾਂਦਾ। ਤੈਨੂੰ ਸਤ ਸਾਲ ਗਿਆ ਵੀ ਹੋਣ ਲਗੇ ਹਨ ਤੇ ਪੈਸਿਆਂ ਦੀ ਪੈਰ ਪੈਰ ਦੀ ਵਧਦੀ ਜਾ ਰਹੀ ਲੋੜ ਤੈਨੂੰ ਵਾਪਸ ਵੀ ਨਹੀਂ ਔਣ ਦਿੰਦੀ। ਸੁਰਜੀਤ ਕਾ ਘਰ ਲੰਬੜਾਂ ਦੀ ਹਵੇਲੀ ਦੇ ਪਿਛਲੇ ਪਾਸੇ, ਸਾਦਿਕ ਮੁਸਲਮਾਨ ਕੇ ਘਰ ਦੇ ਬਿਲਕੁਲ ਨਾਲ ਲਗਦਾ। ਯਿੱਕਾ ਪਾਸੇ ਵਾਲਾ। ਪਿਉ ਉਸਦਾ ਰੇਲਵੇ 'ਚ ਸਟੇਸ਼ਨ ਮਾਸਟਰ ਹੁੰਦਾ ਸੀ। ਦੁਕਾਨ ਦਾ ਤੈਨੂੰ ਚੇਤਾ ਹੋਣਾ। ਉਸਦਾ ਵਡਾ ਭਰਾ ਦੁਕਾਨ ਤੇ ਬੈਠਾ ਹੁੰਦਾ ਸੀ ਦਾੜ੍ਹੀ ਨੂੰ ਵਾਹਵਾ ਸਾਰੀ ਫਿਕਸੋ ਲਾ ਕੇ।

ਸੁਰਜੀਤ ਪਿਛਲੇ ਹਫਤੇ ਮਾਰਿਆ ਗਿਆ।

ਸੁਰਜੀਤ ਦੀ ਮਾਂ ਦਸਦੀ ਸੀ। ਸੁਰਜੀਤ ਆਲੂਆਂ ਦੀ ਗੱਡੀ ਭਰ ਕੇ ਵਡੇ ਸ਼ਹਿਰ ਗਿਆ। ਮਾਲ ਲਾਹ ਕੇ ਮਹਿੰਦਰ ਨੇ ਕਿਹਾ "ਆਪਾਂ ਮਾਸੀ ਦੇ ਜਗਰਾਤੇ ਤੇ ਹੋ ਆਈਏ—ਵਿਚਾਰੀ ਨੇ ਬਹੁਤ ਤਾਗੀਦ ਕੀਤੀ ਸੀ ਚਿੱਠੀ 'ਚ।" ਸੁਰਜੀਤ ਨੇ ਗੱਡੀ ਦਾ ਸਟੇਰਿੰਗ ਮਾਸੀ ਦੇ ਮੁਹਲੇ ਵਲ ਮੋੜ ਲਿਆ ਸੀ। ਜਗਰਾਤਾ ਦੇਖਣ ਨੂੰ ਉਸ ਦਾ ਚਿਤ ਕਰਦਾ ਸੀ। ਪਿੰਡ 'ਚ ਕਦੇ ਕਦੇ ਚੌਂਹ ਪੰਜਾ ਸਾਲਾਂ ਬਾਦ ਪ੍ਰੇਮ ਚੰਦ ਹੋਰੀਂ ਜਗਰਾਤਾ ਕਰਵਾਉਂਦੇ ਸਨ ਤੇ ਉਸ ਨੂੰ ਛੈਣੇ ਵਜਦੇ ਬਹੁਤ ਚੰਗੇ ਲਗਦੇ ਸਨ। ਰਾਤੀਂ ਉਹਨਾਂ ਜਗਰਾਤਾ ਦੇਖਿਆ ਸੀ ਸਾਰੀ ਰਾਤ ਬਹਿਕੇ ਤੇ ਸਵੇਰੇ ਗੱਡੀ ਸਟਾਰਟ ਕਰ ਲਈ ਸੀ।

ਮਾਸੀ ਦੇ ਵਡੇ ਮੁੰਡੇ ਨੇ ਕਿਹਾ ਸੀ, "ਸੁਰਜੀਤ ਹੁਣ-ਰਾਤ ਦੇ ਹਲਾਤ ਚੰਗੇ ਨਹੀਂ।"

"ਕੁਸ਼ ਨਹੀਂ ਹੁੰਦਾ-ਕੁਸ਼ ਨਹੀਂ ਹੁੰਦਾ ਭਰਾਵਾਂ" ਸੁਰਜੀਤ ਨੇ ਇਜਾਜ਼ਤ ਲੈਂਦਿਆਂ ਕਿਹਾ ਸੀ।

"ਅਜ ਨਹੀਂ ਮੈਂ ਜਾਣ ਦੇਣਾ" ਮਾਸੀ ਨੇ ਵੀ ਬੜਾ ਜ਼ੋਰ ਲਾਇਆ ਸੀ ਪਰ ਸੁਰਜੀਤ ਨੇ ਆ ਕੇ ਇਕ ਹੋਰ ਗੇੜਾ ਲੈਣਾ ਸੀ।

ਇਕ ਮੋੜ ਮੁੜਦਿਆਂ ਮੁੜਦਿਆਂ, ਅਗੋਂ ਭੀੜ ਆ ਗਈ ਸੀ ਮੁੰਡਿਆਂ ਦੀ। ਲਾ-ਲਾ ਕਰਕੇ ਮੁੰਡਿਆਂ ਨੇ ਸੁਰਜੀਤ ਨੂੰ ਬਾਹੋਂ ਫੜ ਕੇ ਥੱਲੇ ਖਿੱਚ ਲਿਆ ਸੀ ਤੇ ਮਹਿੰਦਰ ਨੂੰ ਕਿਹਾ ਸੀ 'ਭਾਈ ਸਾਹਿਬ-ਜਾਨ ਪਿਆਰੀ ਹੈ ਤੋਂ ਭਾਗ ਜਾਓ," ਤੇ ਮਹਿੰਦਰ ਦੇ ਦੇਖਦਿਆਂ ਦੇਖਦਿਆਂ ਹੀ ਉਨ੍ਹਾਂ ਸੁਰਜੀਤ ਦਾ ਅੰਗ ਅੰਗ ਮਰੋੜ ਕੇ ਰੱਖ ਦਿਤਾ ਸੀ। ਲਾਸ਼ ਨੂੰ ਚੁੱਕ ਕੇ ਗੱਡੀ 'ਚ ਸੁੱਟ ਦਿਤਾ ਸੀ ਤੇ ਨਾਲ ਹੀ ਗੱਡੀ ਨੂੰ ਅੱਗ ਲਾ ਦਿਤੀ ਸੀ।

ਮਹਿੰਦਰ ਕੋਲੋਂ ਸੁਰਜੀਤ ਦੀ ਮੌਤ ਦਾ ਸੁਣ ਕੇ ਪਿਆਰਾ ਭੜਕ ਉਠਿਆ ਸੀ ਤਲਵਾਰ ਕੱਢ ਉਹ ਬੜਕਾਂ ਮਾਰਣ ਲੱਗ ਪਿਆ ਸੀ, "ਜਿੰਨ੍ਹਾਂ ਸਾਡਾ ਸੁਰਜੀਤ ਮਾਰਿਆ ਉਨ੍ਹਾਂ ਦਾ ਮੈਂ ਨਾਮੋ ਨਿਸ਼ਾਨ ਮਿਟਾ ਦੇਣਾ।" ਸਾਡੇ ਪਿੰਡ ਦੇ ਭਾਅ ਦੀ ਬਣ ਗਈ ਸੀ। ਕੇਵਲ, ਪ੍ਰੇਮ ਤੇ ਜਗਦੀਸ਼ ਚੰਦ ਹੋਰਾਂ ਕੋਠੇ ਇੱਟਾਂ ਨਾਲ ਭਰ ਲਏ ਸਨ। ਹਮਸਾਏ ਲਹੂ ਦਾ ਵਿਰਲਾਪ ਸ਼ੁਰੂ ਹੋ ਗਿਆ ਸੀ। ਸਿਆਣੇ ਬੰਦੇ ਕਚੀਚੀਆਂ ਵਟਦੇ ਆਪਣੀ ਥਾਂ ਤੇ ਹੀ ਗੱਡੇ ਗਏ ਸਨ, ਇਉਂ ਜਿਵੇਂ ਉਹ ਇਕ ਦੂਜੇ ਨੂੰ ਮੂੰਹ ਦਿਖਾਉਣ ਜੋਗੇ ਨਾ ਰਹੇ ਹੋਣ। ਜ਼ਨਾਨੀਆਂ ਨੇ ਆਪਣੇ ਨਿਆਣੇ ਪਿਛਲੇ ਅੰਦਰੀਂ ਲਕੋ ਲਏ ਸਨ। ਮੁਟਿਆਰਾ ਆਪਣੇ ਮਰਦਾਂ ਨੂੰ ਗੁਟੋਂ ਫੜ ਕੇ ਮੰਜੇ ਤੇ ਬੈਠਾ ਲਿਆ ਸੀ। ਮਾਵਾਂ ਨੂੰ ਸੰਦ ਲਕੋਣ ਲਈ ਥਾਂ ਨਹੀਂ ਮਿਲ

ਰਹੀ ਸੀ। ਡਰ ਸੀ। ਸਹਿਮ ਸੀ। ਚਿੰਤਾ ਸੀ। ਪਿੰਡ ਦੋ ਪੜਿਆਂ 'ਚ ਵੰਡਿਆ ਗਿਆ ਸੀ। ਲਗਦਾ ਸੀ ਹੁਣੇ ਖ਼ੂਨ ਹੋਣਗੇ। ਲਾਸ਼ਾਂ ਦੇ ਢੇਰ ਲਗ ਜਾਣਗੇ। ਅੱਗ ਦੀਆਂ ਲਕੀਰਾਂ ਹੋਰ ਉਚੀਆਂ ਹੋ ਜਾਣਗੀਆਂ। ਪਿੰਡ ਝੁਲਸ ਜਾਵੇਗਾ।

ਪਿਆਰਾ ਰੋਕਿਆਂ ਰੁਕ ਨਹੀਂ ਰਿਹਾ ਸੀ। ਦੇਖੋਂ ਦੇਖੀਂ-ਪਿੰਡ ਦੇ ਮੁਸ਼ਟੰਡੇ ਉਸ ਦੇ ਨਾਲ ਰਲ ਗਏ ਸਨ। ਤਲਵਾਰਾਂ ਲਈ। ਗੰਡਾਸੇ ਸੰਭਾਲੀ। ਬਰਸ਼ੇ ਮੋਢਿਆਂ ਤੇ ਰਖੀਂ। ਮਾਂ ਨੇ ਬਥੇਰਾ ਸਮਝਾਇਆ ਸੀ। ਘਰਆਲੀ ਨੇ ਘਰ ਵਲ ਦੇਖਣ ਲਈ ਕਿਹਾ ਸੀ ਪਰ ਉਹ ਤਾਂ ਇਕੋ ਗੱਲ ਤੇ ਅੜਿਆ ਬੈਠਾ ਸੀ— 'ਸਾਡੇ ਸੁਰਜੀਤ ਦਾ ਕੀ ਕਸੂਰ ਸੀ ?

"ਵੇ ਤੂੰ ਕਿੰਨਾ ਕੋਲੋਂ ਬਦਲਾ ਲਊਂਗਾ ?" ਮਾਂ ਨੇ ਪੁਛਿਆ ਸੀ।

"ਮਾਸੀ—ਤੂੰ ਪਰੇ ਹੋ ਜਾ" ਤਰਸੇਮ ਚੋਹਾਂ ਬੰਦਿਆਂ ਕੋਲੋਂ ਫੜਿਆ ਵੀ ਸਾਂਭਿਆਂ ਨਹੀਂ ਜਾ ਰਿਹਾ ਸੀ।

"ਤੂੰ ਉਸ ਕੋਲੋਂ ਬਦਲਾ ਲਵੇਂਗਾ—ਜਿਹਨੇ ਸੁਰਜੀਤ ਨੂੰ ਦੁੱਧ ਚੁਘਾਇਆ ਸੀ—ਤੈਨੂੰ ਇਹ ਪਤਾ—ਇਕ ਵਾਰ ਮੈਂ ਬਹੁਤੀ ਹੀ ਬੀਮਾਰ ਹੋ ਗਈ ਸੀ—ਪ੍ਰੇਮ ਦੀ ਘਰ ਆਲੀ ਨੇ ਚਾਰ ਦਿਨ ਸੁਰਜੀਤ ਨੂੰ ਆਪਣਾ ਦੁੱਧ ਦਿੱਤਾ ਸੀ—ਜਗਦੀਸ਼ ਦੇ ਟੱਬਰ ਕੋਲੋਂ—ਜਿਨ੍ਹਾਂ ਤੇਰੇ ਪਿਓ ਨੂੰ ਰੇਲਵੇ 'ਚ ਭਰਤੀ ਕਰਵਾਇਆ—ਹਰਜਿੰਦਰ ਕਿਆਂ ਕੋਲੋਂ— ਜਿੰਨਾਂ ਦਾ ਰਿਸ਼ਤਾ ਤੇਰੀ ਭੂਆ ਲੈ ਕੇ ਗਈ।"

ਤਰਸੇਮ ਬੈਠਕ 'ਚ ਜਾ ਕੇ ਲੰਮਾ ਪੈ ਗਿਆ ਸੀ। ਸਿਰਫ਼ ਉਸ ਦੀਆਂ ਅੱਖਾਂ ਦਾ ਪਾਣੀ ਘਰ-ਘਰ ਵਗ ਤੁਰਿਆ ਸੀ।

× × ×

ਕੱਲਾ ਨਕੋਦਰ ਪਹੁੰਚਿਆਂ ਕਾਫ਼ੀ ਹਨੇਰਾ ਹੋ ਗਿਆ ਸੀ। ਬਸ ਜਾਣ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ। ਮਿੰਨੀ-ਬੱਸ, ਟਾਂਗਾ ਤੇ ਰਿਕਸ਼ੇ ਵਾਲਾ ਕੋਈ ਨਜ਼ਰ ਨਹੀਂ ਆ ਰਿਹਾ ਸੀ। ਖਾਲੀ ਬੱਸਾਂ ਦਾ ਹਜੂਮ ਬਸ ਸਟੈਂਡ ਅੰਦਰ ਕੈਦ ਸੀ ਤੇ ਮੈਂ ਤੁਰਨਾ ਹੀ ਬੇਹਤਰ ਸਮਝਿਆਂ ਸਮਝਿਆ ਸੀ। ਫ਼ਿਰ...ਬੈਗ ਲਮਕਾ ਕੇ ਮੈਂ ਤੁਰ ਪਿਆ ਸੀ। ਮਨ 'ਚ ਇਹੋ ਗੱਲ ਸੀ ਕਿਤੇ .. ਬੱਸ ਇਸੇ ਮਹੀਨੇ ਦੀ ਗੱਲ ਹੈ। ਬਦੇਲੀ ਹੋ ਗਈ ਹੈ। ਫੇਰ ਇਥੇ ਕਿਹੜੇ ਭੜਬੂਏ ਨੇ ਔਣਾਂ। ਪਰ ਨਾਲ ਹੀ ਮਨ 'ਚ ਡਰ ਵੀ ਲੁਕਿਆ ਬੈਠਾ ਸੀ। ਕਿਤੇ...। ਕਿਤੇ ਨਾਲ ਸਾਰੇ ਸਰੀਰ 'ਚ ਕੰਬਣੀ ਛਿੜ ਜਾਂਦੀ ਸੀ : ਵਾਰ ਵਾਰ ਮੈਂ ਪਿੱਛੇ ਨੂੰ ਮੁੜ-ਮੁੜ ਦੇਖ ਰਿਹਾ ਸੀ ਕਿ ਸ਼ਾਇਦ ਕੋਈ ਸਾਈਕਲ ਵਾਲਾ ਜਾਣੂ ਹੀ ਮਿਲ ਜਾਏ। ਮੰਡੀਓ ਵਾਪਸ ਔਂਦਾ ਟਰੈਕਟਰ ਹੀ ਦਿਸ ਪਵੇ ਜਾਂ ਸਕੂਟਰ ਵਾਲਾ ਕੋਈ ਆਪਣੇ ਪਿੰਡ ਦਾ ਮਿਲ ਜਾਵੇ, ਪਰ ਸੜਕ ਤੇ ਉਜਾੜ ਸਾਰੀ ਧਰਤੀ ਵਰਗੀ ਚੁੱਪ ਸੀ। ਜਗਦੀਆਂ ਟਿਊਬਾਂ ਦੀ ਲੋਅ 'ਚ ਕੁੱਤੇ ਬਿੱਲੀਆਂ ਨੱਚ ਰਹੇ ਸਨ। ਹਰ ਮੋੜ ਤੇ—ਹਰ ਗਲੀ ਦੇ ਮੋੜ 'ਚ ਫੌਜੀ ਸੰਗੀਨਾ ਲਈ। ਤਿਆਰ ਬਰ ਤਿਆਰ।

ਬੇਹਾੜਾ ਦੇ ਮੁਹੱਲੇ ਕੋਲ ਮੈਨੂੰ ਇਕ ਫੌਜੀ ਨੇ ਰੋਕ ਲਿਆ ਸੀ ਤੇ ਪੁਛਿਆ ਸੀ "ਭਾਈ ਸਾਹਿਬ ਥੈਲੇ ਮੇਂ ਕਿਯਾ ਹੈ ?"

"ਹਫ਼ਤੇ ਭਰ ਕੇ ਮੈਲੇ ਕੱਪੜੇ।

ਅਗੋਂ ਉਹ ਹੱਸ ਪਿਆ ਸੀ ਮੇਰਾ ਜੁਆਬ ਸੁਣ ਕੇ। ਕਹਾਂ ਜਾਣਾ ਹੈ ?"

"ਆਪਣੇ ਗਾਉਂ।"

"ਜਾਓ-ਜਾਓ—ਜਲਦੀ ਜਾਓ—ਕਰਫਿਊ ਲਗਣੇ ਮੇਂ ਏਕ ਘੰਟਾ ਪੜਾ ਹੈ" ਫੌਜੀ ਨੇ ਅਪਣਤ ਦਿਖਾਈ ਸੀ ਹੱਥ ਮਿਲਾਉਂਦਿਆਂ ਤੇ ਅਗੋਂ ਮੈਂ ਵੀ ਝੁਕ ਕੇ ਸਲਾਮ ਕੀਤੀ ਸੀ।

ਸ਼ਹਿਰੋਂ ਨਿਕਲਿਦਿਆਂ ਮੈਨੂੰ ਅਜੀਬ ਤਰ੍ਹਾਂ ਦਾ ਭੈਅ ਆ ਰਿਹਾ ਸੀ। ਇਉਂ ਲਗ ਰਿਹਾ ਸੀ ਜਿਵੇਂ ਮੈਂ ਕਿਸੇ ਜੰਗਲ ਚੋਂ ਗੁਜ਼ਰ ਰਿਹਾ ਹੋਵਾਂ। ਰਾਤ ਦਿਨ ਵਗਦੀ ਸੜਕ ਚੁੱਪ ਸੀ ਜਿਵੇਂ ਯਮ ਨੇ ਉਹਦੀ ਆਤਮਾ ਨੂੰ ਕੈਦ ਕਰ ਲਿਆ ਹੋਵੇ। ਕਿੰਨਾ ਔਖਾ ਹੁੰਦਾ ਹੈ ਆਪਣੇ ਹੀ ਘਰ 'ਚ ਬਿਗਾਨਿਆਂ ਵਾਂਗੂ ਰਹਿਣਾ ਇਕ ਵਾਰ ਫੇਰ ਮੇਰੀਆਂ ਨਜ਼ਰਾਂ ਨੇ ਸੜਕ ਦਾ ਮੁਆਇਨਾ ਕੀਤਾ। ਸਿਰਫ਼ ਮੇਰੇ ਬੂਟਾਂ ਦੀ ਆਵਾਜ਼ ਆ ਰਹੀ ਸੀ। ਕਿਤੇ ਕਿਤੇ ਉੱਲੂਆਂ ਦੀ ਭਿਆਨਕ ਫੜਫੜਾਹਟ ਸੁਣ ਰਹੀ ਸੀ ਜਾਂ ਬੰਡਿਆਂ ਦੇ ਬੋਲ। ਪਿੱਛੇ ਦੇਖਣਾ ਮੈਂ ਛੱਡ ਦਿਤਾ ਸੀ ਇਸ ਵਿਚਾਰ ਨਾਲ ਦੇਖੀ ਜਾਊ ਜੋ ਹਊ—ਘੜੀ ਤੇ ਨਕਦੀ ਬੂਟਾਂ 'ਚ ਲੁਕੋ ਲਈ ਸੀ।

ਅਚਨਚੇਤ ਇਕ ਹੀਰੋ ਮਜਿਸਟਿਕ ਮੇਰੇ ਕੋਲ ਦੀ ਲੰਘਿਆ ਤੇ ਪੰਦਰ੍ਹਾਂ ਕੁ ਫੁੱਟ ਤੇ ਜਾ ਕੇ ਰੁਕਿਆ। ਟੀਂ-ਟੀਂ ਹੋਈ ਤੇ ਮਜਿਸਟਿਕ ਮੇਰੇ ਕੋਲ ਆ ਗਿਆ। ਮੇਰਾ ਉਪਰਲਾ ਸਾਹ ਉਪਰ ਰਹਿ ਗਿਆ ਤੇ ਹੇਠਲਾ ਹੇਠਾਂ ਹੀ। ਸ਼ਰੀਰ ਕੰਬਣ ਲਗਾ ਸੀ।

ਉਸ ਮੇਰੇ ਕੋਲੋਂ ਪੁਛਿਆ, "ਭਾ ਕਿੱਥੇ ਜਾਣਾ ?"

"ਲੱਧੜਾਂ" ਮਰ ਕੇ ਮੇਰੇ ਕੋਲੋਂ ਏਨਾਂ ਹੀ ਕਹਿ ਹੋਇਆ। ਜਬਾਨ ਤਾਲੂ ਨਾਲ ਚੰਬੜ ਗਈ ਸੀ।

"ਬੈਠ ਪਿੱਛੇ—ਮੈਂ ਮਲਸੀਆਂ ਜਾਣਾ" ਹੈਂਡਲ ਸੰਭਾਲਦਿਆਂ ਉਸ ਕਿਹਾ। ਸਹਿਮਿਆਂ ਸਹਿਮਿਆਂ ਮੈਂ ਬੈਠ ਗਿਆ। ਇਸ ਸੋਚ ਨਾਲ—ਮਰਨਾ ਤਾਂ ਹੈ ਹੀ—ਨਾ ਕਹਿਣ 'ਚ ਵੀ ਮੌਤ ਹੈ ਤੇ ਹਾਂ ਕਹਿਣ 'ਚ ਵੀ। ਮਜਿਕਟਿਕ ਚੱਲ ਪਿਆ। ਗੱਲਾਂ ਤੁਰੀਆਂ। ਉਸ ਕਿਹਾ,

"ਮੈਂ ਦੇਖਿਆ—ਭਾ ਨੇ ਕਿਤੇ ਦੂਰ ਜਾਣਾ—ਝੋਲਾ ਜਿਓਂ ਮੋਢੇ ਤੇ ਚਮਕ ਰਿਹਾ—ਬੰਦੇ ਦਾ ਕੀ ਜਾਂਦਾ—ਕੱਲਾ ਵੀ ਜਾਣਾ ਸੀ—ਦੋ ਹੋ ਗਏ—ਗੱਲਾਂ ਬਾਤਾਂ ਕਰਦਿਆਂ ਪਹੁੰਚ ਜਾਣਾ—ਮਸ਼ੀਨਰੀ ਆਂ—ਭਾਵੇਂ ਇਕ ਬੈਠ ਜਾਵੇ—ਭਾਵੇਂ ਦੋ।"

"ਭਾਅ—ਤੇਰੇ ਵਰਗਿਆਂ ਦੀ ਲੋੜ ਆ" ਹੁਣ ਤਕ ਮੇਰਾ ਸਾਰਾ ਡਰ ਦੂਰ ਹੋ ਚੁੱਕਾ ਸੀ।

"ਬੰਦਾ ਬੰਦੇ ਦੇ ਕੰਮ ਔਣਾ ਚਾਹੀਦਾ—ਧਰੰਮਾਂ ਧੁਰਮਾਂ 'ਚ ਕੀ ਪਿਆ।" ਮੈਨੂੰ ਪੁੱਲ ਤੇ ਉਤਾਰ ਕੇ ਉਹ ਚਲੇ ਗਿਆ। ਕਿੰਨਾ ਚਿਰ ਮੈਂ ਉਸਨੂੰ ਜਾਂਦਿਆਂ ਦੇਖਦਾ ਰਿਹਾ। ਉਨਾਂ ਚਿਰ ਜਿੰਨਾ ਚਿਰ ਉਹ ਮੈਨੂੰ ਦਿੱਸਦਾ ਰਿਹਾ। ਮੈਨੂੰ ਉਹ ਆਦਰਸ਼ ਮਨੁੱਖ ਲੱਗਾ ਸੀ। ਮੈਂ ਪੈਂਟ ਦੀ ਪਿਛਲੀ ਜੇਬ ਚੋਂ ਟਰਾਂਸਫਰ ਲੈਟਰ ਕਢਿਆ ਤੇ ਪਾਟ ਕੇ ਨਹਿਰ ਦੇ ਵਗਦੇ ਪਾਣੀ 'ਚ ਸੁੱਟ ਦਿੱਤਾ ਸੀ। ○○

## ਇਕ ਪਿੰਡ ਉਤੇ ਨੰਗੇ ਅਤਿਆਚਾਰ ਦੀ ਕਹਾਣੀ

### ਜਮਹੂਰੀ ਅਧਿਕਾਰ ਸਭਾ ਦੀ ਜ਼ਿਲਾ ਫਰੀਦਕੋਟ ਦੀ ਇਕਾਈ ਵਲੋਂ ਜਾਂਚ ਰੀਪੋਰਟ:

ਜਮਹੂਰੀ ਅਧਿਕਾਰ ਸਭਾ ਫਰੀਦਕੋਟ ਦੀ ਜ਼ਿਲਾ ਕਮੇਟੀ ਵਲੋਂ ਇੱਕ ਚਾਰ ਮੈਂਬਰੀ ਟੀਮ ਜਗਰਾਵਾਂ ਨੇੜੇ ਰਸੂਲਪੁਰ (ਜੰਡੀ) ਪਿੰਡ ਵਿੱਚ ਪੁਲਿਸ ਵਲੋਂ ਪਿੰਡ ਵਾਸੀਆਂ ਨਾਲ ਕੀਤੀ ਬਦਸਲੂਕੀ ਬਾਰੇ ਜਾਣਕਾਰੀ ਲੈਣ ਲਈ 6-1-85 ਨੂੰ ਰਸੂਲਪੁਰ ਪਿੰਡ ਵਿਖੇ ਪੁੱਜੀ। ਉਨ੍ਹਾਂ ਨੇ ਪਿੰਡ ਵਿਖੇ ਘਟਨਾ ਵਾਲੀ ਥਾਂ, ਚੱਕੀ ਸੱਥ: ਖੂਹੀ, ਪ੍ਰਾਇਮਰੀ ਸਕੂਲ ਦੇ ਆਲੇ ਦੁਆਲੇ ਦੇ ਘਰਾਂ ਅਤੇ ਵੱਖ ਵੱਖ ਲੋਕਾਂ ਨਾਲ ਗੱਲਬਾਤ ਕੀਤੀ ਤੇ ਤੱਥ ਇਕੱਠੇ ਕੀਤੇ।

#### ਘਟਨਾ ਦਾ ਸੰਖੇਪ ਵੇਰਵਾ

30 ਦਸੰਬਰ, 84 ਦੀ ਸ਼ਾਮ ਦੇ ਲਗ-ਪੱਗ ਪੰਜ ਕੁ ਵਜੇ ਹੀ ਸਨ ਕਿ ਪਿੰਡ ਦੇ ਚੱਕੀ ਵਾਲੇ ਪਾਸਿਓਂ ਕੁਝ ਬੰਦੇ ਆਏ ਤੇ ਆਉਂਦਿਆਂ ਹੀ ਧੂਣੀ ਦੁਆਲੇ ਬੈਠੇ ਬੰਦਿਆਂ ਤੋਂ ਗਾਮੇ ਬਾਰੇ ਪੁੱਛਣ ਲੱਗੇ। ਬੈਠੇ ਬੰਦਿਆਂ ਨੇ ਕਿਹਾ, "ਐਥੇ ਕਿਤੇ ਹੀ ਹੋਵੇਗਾ ਪੱਕਾ ਪਤਾ ਨਹੀਂ"। ਬੱਸ ਏਨਾ ਕਹਿਣਾ ਹੀ ਸੀ ਕਿ ਗਾਹਲਾਂ ਦੀ ਵਾਛੜ ਸ਼ੁਰੂ ਹੋ ਗਈ। ਉਨ੍ਹਾਂ ਦੀ ਕੁਝ ਕੁਟਮਾਰ ਕੀਤੀ ਗਈ, ਬੇਇਜ਼ਤੀ ਕਰ ਦਿੱਤੀ ਗਈ, ਅਜ਼ਾਦ ਹਿੰਦ ਫੌਜ ਦੇ ਸਿਪਾਹੀ ਸ: ਮੇਹਰ ਸਿੰਘ ਦੀ ਦਾਹੜੀ ਪੁੱਟੀ ਗਈ। ਇੱਕ ਪੰਚਾਇਤ ਮੈਂਬਰ ਗੁਰਮੇਲ ਸਿੰਘ ਦੇ ਹੱਥ ਬੰਨ ਦਿਤੇ ਗਏ। ਏਨੇ ਚਿਰ ਵਿੱਚ ਹੀ ਪਿੰਡ ਦਾ ਸਰਪੰਚ ਹਰਜੀਤਪਾਲ ਸਿੰਘ ਦੁੱਧ ਪਾਉਣ ਲਈ ਆਇਆ ਤਾਂ ਪੰਚ ਨੇ ਉਸਨੂੰ ਅਵਾਜ਼ ਮਾਰੀ? ਸਰਪੰਚ ਨੇ ਪੁਛਿਆ ਕਿ ਤੁਸੀਂ ਇਸਨੂੰ ਕਿਉਂ ਫੜਿਆ ਹੈ ਤਾਂ ਉਸਦੀ ਵੀ ਬੇਇਜ਼ਤੀ ਕੀਤੀ ਗਈ। ਜਦੋਂ ਲੋਕਾਂ ਵਲੋਂ "ਇਹ ਦੱਸਿਆ ਗਿਆ" ਕਿ ਇਹ ਸਰਪੰਚ ਹੈ ਤਾਂ ਇੱਕ ਨੇ ਆਪਣਾ ਪਿਸਤੌਲ ਦਿਖਾਉਂਦਿਆਂ ਕਿਹਾ ਕਿ ਮੈਂ ਐਸ. ਐਚ. ਓ. ਹਾਂ। ਸਰਪੰਚ ਵਲੋਂ ਕਿਹਾ ਕਿ "ਤੁਹਾਨੂੰ ਇਸ ਤਰ੍ਹਾਂ ਕਰਨ ਦਾ ਕੋਈ ਹੱਕ ਨਹੀਂ,"। ਪਿੰਡ ਵਾਲਿਆਂ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਸ਼ਰਾਬ ਵੀ ਪੀਤੀ ਹੋਈ ਸੀ। ਪਿੰਡ ਦੇ ਖੂਹੀ ਵਾਲੇ ਪਾਸਿਓਂ ਦੋ ਆਦਮੀਆਂ ਨੇ ਗੁਰਦਿਆਲ ਸਿੰਘ ਨਾਮੀ ਵਿਅਕਤੀ ਤੋਂ ਸ਼ਰਾਬ ਮੰਗੀ। ਉਸਨੇ ਇਨਕਾਰ ਕੀਤਾਂ ਤੇ ਗਾਮਾ ਉਥੇ ਆ ਗਿਆ। ਉਸ ਕੋਲ ਇੱਕ ਸ਼ਰਾਬ ਦੀ ਟਿਊਬ ਤੇ ਇੱਕ ਬੋਤਲ ਸੀ। ਬਾਹਰੋਂ ਆਏ ਆਦਮੀਆਂ ਨੇ ਗਾਮੇ ਨੂੰ ਫੜ ਲਿਆ ਤੇ ਬੁਰੀ ਤਰ੍ਹਾਂ ਕੁੱਟ ਮਾਰ ਸ਼ੁਰੂ ਕਰ ਦਿੱਤੀ। ਗੁਰਦਿਆਲ ਸਿੰਘ ਨੇ ਦੱਸਿਆ ਕਿ ਉਸ ਨੇ ਵਿੱਚ ਪੈ ਕੇ ਲੈਣ ਦੇਣ ਨਿਬੇੜਨਾ ਚਾਹਿਆ ਪਰ ਉਨ੍ਹਾਂ ਕਿਹਾ ਕਿ ਸਾਡੇ ਸਰਦਾਰ ਕੋਲ ਗੱਲ ਨਿਬੜੇਗੀ। ਯਾਦ ਰਹੇ ਕਿ ਦੋ ਆਦਮੀ ਸਾਦਾ ਕਪੜਿਆਂ ਵਿਚ ਪੁਲਿਸ ਵਾਲੇ ਸਨ। ਕਮੇਟੀ ਨੂੰ ਇਹ ਵੀ ਪਤਾ ਲੱਗਾ ਕਿ ਗਾਮਾਂ ਪਿਛਲੇ 14 ਸਾਲਾਂ ਤੋਂ ਨਜਾਇਜ਼ ਸ਼ਰਾਬ ਦਾ ਧੰਦਾ ਕਰਦਾ ਆ ਰਿਹਾ ਹੈ। ਪਰ ਪੁਲਿਸ ਦੇ ਕਦੇ ਹੱਥ ਨਹੀਂ ਆਇਆ ਤੇ ਨਾ ਹੀ ਮਹੀਨਾ ਭਰਦਾ ਸੀ। ਸੋ ਪੁਲਿਸ ਉਸਨੂੰ ਸਬੱਕ ਸਿਖਾਉਣਾ ਚਾਹੁੰਦੀ ਸੀ। ਸਾਦੇ ਕਪੜਿਆਂ ਵਿਚ ਪੁਲਿਸ ਕਰਮਚਾਰੀ ਗਾਮੇ ਨੂੰ ਪਿੱਛੇ ਹੱਥ ਬੰਨ ਕੇ ਅਲਫ ਨੰਗਾ ਕਰਕੇ ਬੁਰੀ ਤਰ੍ਹਾਂ ਕੁਟਦੇ ਚੱਕੀ ਵੱਲ ਨੂੰ ਲਈ ਜਾ ਰਹੇ ਸਨ। ਇਸ ਗੱਲ ਦੀ ਗਵਾਹੀ ਉਸ ਗਲੀ ਦੀਆਂ ਔਰਤਾਂ, ਬੰਦਿਆਂ ਅਤੇ ਸਕੂਲ ਲਾਗੇ ਚੌਥੀ ਜਮਾਤ ਦੇ ਬੱਚਿਆਂ ਨੇ ਆਪਣੇ ਬਿਆਨਾਂ ਰਾਹੀਂ ਦਿੱਤੀ। ਏਨੇ ਨੂੰ ਸਾਰੇ ਪਿੰਡ ਵਿਚ ਰੌਲਾ ਪੈ ਗਿਆ। ਲੋਕ ਇਕੱਠੇ ਹੋ ਗਏ। ਤੇ ਪੁਲਿਸ ਵਾਲੇ ਗਾਮੇ ਨੂੰ ਬੰਨ੍ਹਕੇ ਜੀਪ ਵਿੱਚ ਸੁੱਟਕੇ ਲੈ ਗਏ ਤੇ ਨਾਲ ਧਮਕੀ ਦੇ ਦਿੱਤੀ ਕਿ "ਜੇ ਸਾਡੇ ਖਿਲਾਫ ਕੋਈ ਕਾਰਵਾਈ ਕੀਤੀ ਤਾਂ ਅਸੀਂ ਦੇਖਾਂਗੇ ਯਾਦ ਰੱਖਣਾ ਮਿਲਟਰੀ ਰਾਜ ਹੈ। ਪਿੰਡ ਦੇ ਚੌਕੀਦਾਰ ਤੋਂ ਪਤਾ ਲੱਗਿਆ ਕਿ ਉਸਨੂੰ ਕਿਸੇ ਨੇ ਨਹੀਂ ਸੱਦਿਆ।

ਅਗਲੇ ਹੀ ਦਿਨ ਪੁਲਿਸ ਦੀਆਂ ਦੋ ਜੀਪਾਂ, ਦੋ ਮੋਟਰ ਸਾਈਕਲ, 40-50 ਬਾ-ਵਰਦੀ ਪੁਲਿਸ ਕਰਮਚਾਰੀ ਤੇ ਇਕ ਗਾਰਦ ਫੌਜ ਪਿੰਡ ਵਿਚ ਆ ਧਮਕੀ ਪਰ ਇਸ ਤੋਂ ਪਹਿਲਾਂ ਹੀ ਪਿੰਡੋਂ 70-80 ਬੰਦੇ ਜਗਰਾਵਾਂ ਐਸ. ਡੀ. ਐਮ. ਅਤੇ ਡੀ. ਐਸ. ਪੀ. ਨੂੰ ਜਾ ਮਿਲੇ ਤੇ ਮੈਮੋਰੈਂਡਮ

ਦਿੱਤਾ, ਜਿਸ ਦੀ ਕਾਪੀ ਪਿੰਡ ਵਾਲਿਆਂ ਕਮੇਟੀ ਨੂੰ ਵੀ ਦਿੱਤੀ। ਡੈਪੂਟੇਸ਼ਨ ਮਿਲਕੇ ਵਾਪਿਸ ਆਉਂਦਿਆਂ ਪੁਲਿਸ ਨੇ ਪੰਜ ਬੰਦੇ ਹਰਜੀਤਪਾਲ ਸਿੰਘ ਸਰਪੰਚ, ਮਾਸਟਰ ਮਨਜੀਤ ਸਿੰਘ ਤੇ ਤਿਰਲੋਕ ਸਿੰਘ (ਦੋਵੇਂ ਸਰਪੰਚ ਦੇ ਭਰਾ), ਬੂਰਾ ਸਿੰਘ ਬੀ. ਐਸ. ਐਫ. ਮੁਲਾਜ਼ਮ (ਜੋ ਕਿ ਛੁੱਟੀ ਕੱਟਣ ਪਿੰਡ ਆਇਆ ਸੀ), ਗਾਮੇ ਦਾ ਭਰਾ, ਇਕ ਪੰਚ, ਗੁਰਮੇਲ ਸਿੰਘ ਗ੍ਰਿਫਤਾਰ ਕਰ ਲਏ ਤੇ ਉਹਨਾਂ ਉਪੱਰ 186, 188, 189, 332, 323, 353, 143, 149 506 ਧਰਾਵਾਂ ਮੜ੍ਹ ਦਿੱਤੀਆਂ। ਜਿੰਨ੍ਹਾਂ ਦਾ ਮਤਲਬ ਹੁੰਦਾ ਹੈ ਕਿ ਸਰਕਾਰੀ ਕੰਮਾਂ ਵਿਚ ਗੈਰਕਨੂੰਨੀ ਦਖ਼ਲਅੰਦਾਜ਼ੀ, ਸਰਕਾਰੀ ਕਰਮਚਾਰੀਆਂ ਨੂੰ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨਾ ਆਦਿ। ਇਸ ਤੋਂ ਬਾਅਦ ਪਿੰਡ ਵਾਸੀ ਲੁਧਿਆਣੇ ਐਸ. ਐਸ. ਪੀ. ਅਤੇ ਡੀ. ਸੀ. ਨੂੰ ਮਿਲਣ ਗਏ। ਇਸੇ ਕਰਕੇ ਐਸ.ਪੀ. ਪਿੰਡ ਵਿਖੇ ਇਨਕੁਆਰੀ ਕਰਨ ਆਇਆ। ਪਿੰਡ ਵਿਚੋਂ 5-6 ਬੰਦਿਆਂ ਦੇ ਬਿਆਨ ਲਏ। ਐਸ.ਪੀ. ਮੰਨਿਆ ਕਿ ਪੁਲਿਸ ਦਾ ਕਸੂਰ ਹੈ ਤੇ ਤੁਸੀਂ ਸਾਰੇ ਬੇਕਸੂਰ ਹੋ। ਅਸੀਂ ਕਸੂਰਵਾਰਾਂ ਨੂੰ ਯੋਗ ਸਜ਼ਾ ਦੇਵਾਂਗੇ।

ਪਿੰਡ ਵਾਸੀਆਂ ਨੇ ਸਮੂਹਿਕ ਤੌਰ ਤੇ ਸਰਪੰਚ ਦੀ ਤਾਰੀਫ ਕੀਤੀ ਤੇ ਦਸਿਆ ਕਿ ਇਹ ਬੰਦਾ ਇਮਾਨਦਾਰ, ਸ਼ਰੀਕੇਬਾਜ਼ੀ ਤੋਂ ਨਿਰਲੇਪ, ਪਿੰਡ ਦੇ ਅਗਾਂਹਵਧੂ ਕੰਮਾਂ ਵਿਚ ਤਨਦੇਹੀ ਨਾਲ ਹਿੱਸਾ ਪਾਉਂਦਾ ਹੈ, ਕਿਸੇ ਵੀ ਬੇਇਨਸਾਫ਼ੀ ਵਿਰੁੱਧ ਡਟ ਕੇ ਖੜ੍ਹਦਾ ਹੈ। ਪਿੰਡ ਵਾਸੀਆਂ ਨੇ ਇਹ ਵੀ ਦਸਿਆ ਕਿ ਗਾਮਾ ਨਜ਼ਾਇਜ਼ ਸ਼ਰਾਬ ਵੇਚਦਾ ਹੈ, ਪੁਲਿਸ ਉਸਨੂੰ ਫੜ ਲਿਆਂਦੀ ਕਿਸੇ ਨੂੰ ਕੀ ਇਤਰਾਜ਼ ਸੀ, ਉਸਨੂੰ ਤਾਂ ਉਸਦੇ ਘਰਦਿਆਂ ਵੀ ਬੇਦਖਲ ਕੀਤਾ ਹੋਇਆ ਹੈ। ਪਰ ਪੁਲਿਸ ਦਾ ਉਸਨੂੰ ਪਿੰਡ ਦੀਆਂ ਬਹੂ-ਬੇਟੀਆਂ ਸਾਹਮਣੇ ਨੰਗਾ ਕਰਨਾ ਇਕ ਸ਼ਰਮਨਾਕ ਗੱਲ ਹੈ ਇਉਂ ਤਾਂ ਅੰਗਰੇਜ਼ ਕਰਦੇ ਸਨ ਪਿੰਡ ਆ ਕੇ ਜਿਵੇਂ ਵੀ ਚਾਹੁੰਦੇ ਕਰਦੇ ਇਥੋਂ ਤੱਕ ਕਿ ਮੂੰਹ ਖੁਲਵਾ ਕੇ ਵਿਚ ਥੁੱਕਦੇ ਸਨ। ਹੁਣ ਤਾਂ ਆਪਣਾ ਰਾਜ ਹੈ ਜੇ ਹੁਣ ਵੀ ਇਹੋ ਜਿਹੀ ਧੱਕੇ-ਸ਼ਾਹੀ ਹੁੰਦੀ ਰਹੀ ਤਾਂ ਲੋਕਾਂ ਦਾ ਕੀ ਬਣੂੰ। ਗਾਮੇ ਨੂੰ ਫੜ ਲਿਜਾਂਦੇ ਸਾਨੂੰ ਕੀ ਸੀ? ਪੁਲਿਸ ਨੇ ਸਾਡੇ ਨਾਲ ਬਹੁਤ ਘਟੀਆ ਸਲੂਕ ਕੀਤਾ ਹੈ ਇਹ ਕਿਵੇਂ ਵੀ ਠੀਕ ਨਹੀਂ ਜੇ ਪਿੰਡ ਦੇ ਸਰਪੰਚ ਨਾਲ ਹੀ ਇੰਝ ਕਰਨ ਲੱਗ ਪਏ ਤਾਂ ਮਾੜੇ ਧੀੜੇ ਦਾ ਕੀ ਹੋਊਗਾ।

## ਸਿੱਟੇ :

1. ਸਭਾ ਇਸ ਨਤੀਜੇ ਤੇ ਪੁੱਜੀ ਹੈ ਕਿ ਪੁਲਿਸ ਸਾਦਾ ਪਹਿਰਾਵੇ ਵਿਚ ਗਾਮੇ ਨੂੰ ਫੜ ਕੇ ਸਬਕ ਸਿਖਾਉਣ ਤੇ ਸਾਮੀ ਪੱਕੀ ਕਰਨਾ ਚਾਹੁੰਦੀ ਸੀ ਪਰ ਲੈਣ ਦੇਣ ਸਿਰੇ ਨਾ ਚੜਨ ਤੇ ਪਿੰਡ ਵਿਚ ਰੌਲਾ ਪੈ ਜਾਣ ਕਰਕੇ ਇਹ ਸਾਰਾ ਕੁਝ ਵਾਪਰਿਆ।

2. ਸੱਥ ਵਿਚ ਬੈਠੇ ਲੋਕਾਂ ਦੀ ਬੇਇਜ਼ਤੀ ਅਤੇ ਕੁਟ-ਮਾਰ ਕਰਨਾ ਇਹ ਸਾਬਤ ਕਰਦਾ ਹੈ ਕਿ ਪੁਲਿਸ ਵਿਚ ਦਹਿਸ਼ਤ ਪੈਦਾ ਕਰਨਾ ਚਾਹੁੰਦੀ ਸੀ ਤਾਂ ਜੋ ਕੋਈ ਵੀ ਆਦਮੀ ਬੇਇਨਸਾਫੀ ਵਿਰੁੱਧ ਡੱਟ ਕੇ ਨਾ ਖੜ ਸਕੇ।

3. ਸਾਦਾ ਕਪੜਿਆਂ ਵਿਚ ਆਈ ਪੁਲਿਸ ਨੇ ਨਾ ਹੀ ਚੌਕੀਦਾਰ ਨੂੰ ਨਾਲ ਲਿਆ ਤੇ ਨਾ ਹੀ ਸਰਪੰਚ ਨੂੰ ਵਿਸ਼ਵਾਸ ਵਿਚ ਲੈਣ ਦੀ ਲੋੜ ਸਮਝੀ। ਉਨ੍ਹਾਂ ਸ਼ਰਾਬ ਵੀ ਪੀਤੀ ਹੋਈ ਸੀ ਜੋ ਕਿ ਡਿਊਟੀ ਸਮੇਂ ਸਖ਼ਤ ਕੁਤਾਹੀ ਹੈ।

## ਸਭਾ ਮੰਗ ਕਰਦੀ ਹੈ :-

1. ਲੋਕਾਂ ਉਪਰ ਬਣਾਏ ਝੂਠੇ ਕੇਸ ਵਾਪਿਸ ਲਏ ਜਾਣ।

2. ਦੋਸ਼ੀ ਪੁਲਿਸ ਕਰਮਚਾਰੀਆਂ ਨੂੰ ਸੇਵਾ-ਮੁਕਤ ਕੀਤਾ ਜਾਵੇ ਤੇ ਸਖ਼ਤ ਸਜ਼ਾ ਦਿੱਤੀ ਜਾਵੇ।

ਸਭਾ ਰਸੂਲਪੁਰ (ਜੰਡੀ)ਵਾਸੀਆਂ ਤੇ ਹੋਰ ਜਮਹੂਰੀ-ਅਤਪਸੰਦ ਵਿਅਕਤੀਆਂ ਨੂੰ ਸੱਦਾ ਦਿਤਾ ਹੈ ਕਿ ਇਹੋ ਜਿਹੀ ਧੱਕੇ-ਸ਼ਾਹੀ ਅੱਜ ਸਾਡੀ 'ਜਮਹੂਰੀਅਤ' ਦਾ ਅੰਗ ਬਣ ਗਈ ਹੈ। ਲੋਕਾਂ ਦੇ ਏਕੇ ਦੇ ਬਲ ਹੀ ਨਜਿੱਠਿਆ ਜਾ ਸਕਦਾ ਹੈ। ਲੋਕਾਂ ਦਾ ਏਕਾ ਤੇ ਦਬਾਅ ਹੀ ਕੁਝ ਹੱਦ ਤੱਕ ਇਨਸਾਫ਼ ਦੁਆ ਸਕਦਾ ਹੈ।

1. ਸਭਾ ਨੇ ਆਸ ਕਰਦੀ ਹੈ ਕਿ ਪਿੰਡ-ਵਾਸੀ ਇਸ ਮਾਮਲੇ ਨੂੰ ਸਮੂਹਿਕ ਰੂਪ ਵਿਚ ਲੈਣਗੇ। ਨਜਾਇਜ਼ ਗ੍ਰਿਫਤਾਰ ਵਿਅਕਤੀਆਂ ਦੀ ਹਰ ਪੱਖੋਂ ਮੱਦਦ ਕਰਨ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਜੋੜਨਗੇ।

2. ਆਪਣੇ ਆਪਣੇ ਪਿੰਡਾਂ ਵਿਚ ਕਮੇਟੀਆਂ ਬਣਾ ਕੇ ਇਹੋ ਜਿਹੇ ਧੱਕਿਆਂ ਖਿਲਾਫ਼ ਡਟ ਕੇ ਖੜਨ ਆਪਣੀ ਅਵਾਜ਼ ਬੁਲੰਦ ਕਰਨਗੇ।

3. ਪਿੰਡ ਦੇ ਪੁਲਿਸ ਟਾਊਟਾਂ ਤੇ ਵਿਕਾਊ ਝੂਠੇ ਗੁਆਹਾਂ ਵਿਰੁੱਧ ਮੁਹਿੰਮ ਲਾਮਬਧ ਕਰਕੇ ਉਨ੍ਹਾਂ ਨੂੰ ਝੂਠੀਆਂ ਗਵਾਹੀਆਂ ਦੇਣ ਤੋਂ ਰੋਕਣਗੇ। ਜੇ ਉਹ ਫਿਰ ਵੀ ਨਾ ਹਟਣ ਤਾਂ ਉਨ੍ਹਾਂ ਦਾ ਬਾਈਕਾਟ ਕੀਤਾ ਜਾਵੇ।

4. ਇਹੋ ਜਿਹੇ ਧੱਕਿਆਂ ਦਾ ਸਦਾ ਲਈ ਫਸਤਾ ਵੱਢਣ ਵਾਸਤੇ ਇਸ ਗੈਰ ਜਮਹੂਰੀ ਢਾਂਚੇ ਨੂੰ ਸਮੂਹਿਕ ਲੋਕ ਘੋਲਾਂ ਰਾਹੀਂ ਜੜ੍ਹੋਂ ਉਖੇੜਨਾ ਪਵੇਗਾ ਤਾਂ ਹੀ ਲੋਕਾਂ ਦਾ ਜਮਹੂਰੀ ਰਾਜ ਸਥਾਪਤ ਹੋ ਸਕੇਗਾ ਤੇ ਸਦਾ ਲਈ ਮੁਕਤੀ ਪ੍ਰਾਪਤ ਕੀਤੀ ਜਾ ਸਕੇਗੀ।

| | |
|---|---|
| ਤਾਲਮੇਲ : | ਜ਼ਿਲਾ ਕਮੇਟੀ, |
| ਸ੍ਰੀ ਗਣਪਤ ਰਾਏ ਵਕੀਲ | ਜਮਹੂਰੀ ਅਧਿਕਾਰ ਸਭਾ ਪੰਜਾਬ |
| ਮੋਗਾ ਕਚਹਿਰੀਆਂ। | ਜ਼ਿਲਾ ਫਰੀਦਕੋਟ। |

o

## ਪਾਠਕ ਲੇਖਕ ਫੋਰਮ

### ਗੁਰਬਖਸ਼ ਜੱਸ ਲਈ ਸ਼ੀਸ਼ਾ

(ਪੂਰੀ ਚਿੱਠੀ ਦਾ ਇਕ ਹਿੱਸਾ

ਵੀਰ ਜੱਸ ਜੀ ਨੇ ਅਪਣੇ ਲੇਖ ਆਧੁਨਿਕ ਬੁਰਜੁਆ ਸਟੇਟ ਅਤੇ ਫਿਰਕੂ ਲਹਿਰਾਂ ਵਿਚ ਲਿਖਿਆ ਹੈ ਕਿ ਮੰਨੂਵਾਦ ਖੱਤਮ ਹੈ, ਵਿਚਾਰਾ ਬ੍ਾਮਣਵਾਦ ਮਰ ਰਿਹਾ ਹੈ। ਐਵੇਂ ਦਲਿਤ ਲੋਕ ਰੌਲਾ ਪਾ ਰਹੇ ਹਨ।

ਵੀਰ ਜੀ ਠੀਕ ਹੈ ਤੁਹਾਨੂੰ ਪਤਾ ਨਹੀਂ ਮੰਨੂਵਾਦ ਮਰ ਰਿਹਾ ਹੈ ਜਾਂ ਸਾਨੂੰ ਮਾਰ ਰਹਿਆ ਹੈ। ਮੈਂ ਤੁਹਾਨੂੰ ਜਿਉਂਦਾ ਮੰਨੂਵਾਦ ਅਤੇ ਬ੍ਰਾਮਣਵਾਦ ਵਿਖਾਉਂਦਾ ਹਾਂ ਜੇਕਰ ਫੇਰ ਵੀ ਭੁਲੇਖਾ ਰਹਿ ਗਿਆ ਤਾਂ ਫੇਰ ਸੇਵਾ ਹਾਜ਼ਰ ਹੈ। ਪਰ ਅੰਦਾਜ਼ਾ ਲਾ ਕੇ ਚਿੱਠੀ ਜ਼ਰੂਰ ਪਾ ਦੇਣੀ।

ਵੀਰ ਜੀ ਭਾਰਤ ਦੇ ਲੋਕ ਗੁਲਾਮ ਕੀਤੇ ਹਨ ਬ੍ਰਾਮਣਵਾਦ ਨੇ, ਮੰਨੂਵਾਦ ਨੇ, ਜਿਸ ਦਾ ਰਾਜ-ਸਮਾਜ-ਆਰਥਕਤਾ ਅਤੇ ਧਰਮ ਤੇ ਕਬਜ਼ਾ ਹੋਵੇ, ਉਹ ਮਾਲਕ ਹੁੰਦਾ ਹੈ।

1. ਸੁਪਰੀਮ ਕੋਰਟ ਦੇ ਕੁੱਲ (16) ਜੱਜ ਹਨ ਜਿਨ੍ਹਾਂ ਵਿਚੋਂ (9) ਖਾਲਸ ਬ੍ਰਾਮਣ ਹਨ।
2. ਇੰਦਰਾ ਦੇ ਕੇਂਦਰੀ ਮੰਤਰੀ ਮੰਡਲ ਵਿਚ (19) ਮੰਤਰੀ ਸਨ, ਜਿਨ੍ਹਾਂ ਵਿਚ (11) ਬ੍ਰਾਹਮਣ ਸਨ।
3. ਕੇਂਦਰ ਦੇ ਸਕੱਤਰ ਅਤੇ ਸਕੱਤਰਾਂ ਦੇ ਬਰਾਬਰ ਦੇ ਹੋਰ ਦਰਜੇ ਕੁਲ (500) ਹਨ ਜਿਨ੍ਹਾਂ ਵਿਚੋਂ (310) ਬ੍ਰਾਮਣ ਹਨ।
4. ਰਾਜ ਸਰਕਾਰਾਂ ਦੇ ਮੁੱਖ ਸਕੱਤਰ (26) ਹਨ ਜਿਨ੍ਹਾਂ ਵਿਚੋਂ 14 ਬ੍ਰਾਮਣ ਹਨ।
5. ਮੰਤਰੀਆਂ ਅਤੇ ਰਾਜ ਮੰਤਰੀਆਂ ਦੇ ਕੁਲ (49) ਸਕੱਤਰ ਹਨ ਜਿਨ੍ਹਾਂ ਵਿਚੋਂ (34) ਬ੍ਰਾਮਣ ਹਨ।
6. ਗਵਰਨਰ ਤੇ ਲੈਂਫੀਨੈਂਟ ਗਵਰਨਰ (27) ਹਨ ਜਿਨ੍ਹਾਂ ਵਿਚ (13) ਬ੍ਰਾਮਣ ਹਨ।
7. ਹਾਈਕੋਰਟਾਂ ਦੇ ਜੱਜ ਤੇ ਵਾਧੂ ਜੱਜ (330) ਹਨ ਜਿਨ੍ਹਾਂ ਵਿਚ (166) ਬ੍ਰਾਮਣ ਹਨ।
8. ਰਾਜਦੂਤ ਦੇ ਹਾਈ ਕਮਿਸ਼ਨਰ (140) ਹਨ ਜਿਨ੍ਹਾਂ ਵਿਚ (58) ਬ੍ਰਾਮਣ ਹਨ।
9. ਸਾਰੇ ਭਾਰਤ ਦੇ (3300) ਉਪਰ ਤੋਂ ਜਿਲੇ ਤੱਕ IAS ਹਨ ਜਿਨ੍ਹਾਂ ਵਿਚ (2000) ਬ੍ਰਾਮਣ ਹਨ।
10. ਭਾਰਤ ਦੀ ਕਮਿਊਨਿਸਟ ਲਹਿਰ ਦੇ ਲੀਡਰ (ਕੇਂਦਰੀ) ਬਹੁ-ਗਿਣਤੀ ਬ੍ਰਾਮਣਾਂ ਦੀ ਹੈ।

(ਜਿਵੇਂ ਐਸ ਏ ਡਾਂਗੇ, ਪੀ ਸੀ ਜੋਸ਼ੀ, ਰਾਜੇਸ਼ਵਰ ਰਾਓ, ਬੀ ਟੀ ਰਣਦੀਵੇ, ਪੀ ਸੁੰਦਰੀਆ ਈ. ਐਮ. ਐਸ. ਨੰਬੂਦਰੀਪਾਦ, ਜੋਤੀਬਾਸੂ, ਕਾਹਨੂੰ ਸਾਨਿਆਲ, ਸਤਿਆ ਨਰਾਇਨ. ਟੀ ਨਾਗੀ ਰੈਡੀ, ਪੂਹਲਾ ਰੈਡੀ, ਸੁਨੀਤੀ ਘੋਸ਼, ਸੋਰਨਬੋਸ ਆਦਿ)

ਇਨਾਂ ਖਾਲਸ ਬ੍ਰਾਮਣਾਂ ਦੇ ਦੋ ਭਾਈਵਾਲ ਕਸ਼ੱਤ੍ਰੀ ਅਤੇ ਵੈਸ਼ ਵੀ ਹਨ। ਹੁਣ ਤੁਸੀਂ ਭਾਰਤ ਵਰਸ਼ ਦੀ ਸਥਿਤੀ ਦਾ ਅੰਦਾਜ਼ਾ ਲਾਓ ਕਿ ਸੂਦਰ ਲੋਕ ਕਿੰਨੇ ਇਸ ਢਾਂਚੇ ਵਿਚ ਮਾਲਕ ਹਨ। ਦੱਖਣ ਵਲੋਂ ਆਏ ਦਲਿਤ ਲੀਡਰ ਤੇ ਦਿੱਲੀ ਵਿਖੇ ਤੁਸੀਂ ਇਲਜਾਮ ਲਾਇਆ ਕਿ ਇਹ ਸਾਮਰਾਜ ਦੀ ਸੇਵਾ ਕਰਦਾ ਹੈ। ਉਹ ਆਪਣੇ ਦੱਬੇ ਕੁਚਲੇ ਲੋਕਾਂ-ਕਬੀਲ੍ਹਿਆਂ ਤੇ ਹੋਰ ਪਛੜੀਆਂ ਸ਼੍ਰੇਣੀਆਂ ਵਾਸਤੇ ਬੋਲਦਾ ਹੈ ਤਾਂ ਸਾਮਰਾਜ ਦੀ ਸੇਵਾ ਹੈ ਪਰ ਤੁਸੀਂ ਹੁਣ ਸੋਚ ਲਓ ਕਿ ਤੁਹਾਡੀ ਸੇਵਾ ਕਿਹੜੀ ਕੌਮ, ਲੋਕ, ਸਮਾਜ, ਧਰਮ ਵਾਸਤੇ ਹੈ।

ਵੀਰ ਜੀ ! ਬ੍ਰਾਮਣਾਂ ਨੇ ਤਾਂ ਸੂਦਰ ਪੈਦਾ ਹੀ ਸੇਵਾ ਕਰਨ ਵਾਸਤੇ ਕੀਤੇ ਹਨ, ਜਿਵੇਂ ਕਿ ਦੇਵਲ ਸਿਮਰਤੀ ਕਹਿੰਦੀ ਹੈ ਕਿ "ਸੂਦਰ (ਦਲਿਤ) ਦਾ ਕੰਮ ਹੈ ਉੱਚੀ ਜਾਤੀ ਦੀ ਸੇਵਾ ਕਰਨਾ।" ਵੀਰ "ਜੱਸ" ਤੁਸੀਂ ਗੁੱਸਾ ਨਾ ਕਰਨਾ ਰਾਜਨੀਤੀ ਵਿਚ ਇਸ ਤਰ੍ਹਾਂ ਹੁੰਦਾ ਹੀ ਰਹਿੰਦਾ ਹੈ। ਮੇਰੇ ਵਲੋਂ "ਸ਼ੀਸ਼ਾ" ਪੇਸ਼ ਹੈ ਜੇਕਰ ਸਾਫ ਨਾ ਦਿੱਸੇ ਤਾਂ ਮੇਰੀ ਸੇਵਾ ਫੇਰ ਹਾਜ਼ਰ ਹੈ।

**ਮੇਜਰ ਸਿੰਘ ਖਾਲਸਾ**
ਪਿੰਡ ਡਾ: ਸਹਿਣਾਂ ਖੇੜਾ (ਲੰਬੀ) ਜ਼ਿਲਾ ਫਰੀਦਕੋਟ (ਪੰਜਾਬ)

---

ਮੇਜਰ ਸਿੰਘ ਜੀ,

ਤੁਹਾਡੇ ਵਿਚਾਰ ਪਾਠਕਾਂ ਅਗੇ ਰੱਖਣ ਤੋਂ ਬਾਅਦ ਮੈਂ ਕੁਝ ਗੱਲਾਂ ਆਪ ਜੀ ਵੱਲ ਲਿਖ ਰਿਹਾ ਹਾਂ, ਪਛੜੀਆਂ ਜ਼ਾਤਾਂ ਦੇ ਪ੍ਰਸੰਗ ਵਿਚ ਜੋ ਤੁਸੀਂ ਅੰਕੜੇ ਦਿਤੇ ਹਨ, ਉਹਨਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਇਸੇ ਸਚਾਈ ਨੂੰ ਜ਼ਾਤਾਂ ਦੇ ਪ੍ਰਸੰਗ ਨਾਲੋਂ ਜਮਾਤਾਂ ਦੇ ਪ੍ਰਸੰਗ ਵਿਚ ਵੇਖੀਏ ਤਾਂ ਸਾਡੀ ਲੜਾਈ ਦਾ ਪੈਂਤੜਾ ਹੋਰ ਸਪਸ਼ਟ ਹੋ ਸਕੇਗਾ। ਇਸ ਵੇਲੇ ਭਾਰਤੀ ਸਟੇਟ ਉਤੇ ਅਤੇ ਭਾਰਤੀ ਸਮਾਜ ਵਿਚ ਪੂੰਜੀ ਅਤੇ ਜਾਇਦਾਦ ਵਾਲਿਆਂ ਦੀ ਸਰਦਾਰੀ ਹੈ। ਪੈਸੇ ਵਾਲੇ ਬ੍ਰਾਹਮਣ ਖਤਰੀ ਵੈਸ਼ ਅਤੇ ਨਾਲ ਸੂਦਰ ਵੀ ਰਾਜੇ ਹਨ ਤੇ ਦੂਜੇ ਜਿਨ੍ਹਾਂ ਕੋਲ ਸਾਧਨ ਨਹੀਂ, ਉਹ ਇਸ ਰਾਜ ਵਿਚ ਧੱਕੇ ਖਾ ਰਹੇ ਹਨ, ਭਾਵੇਂ ਉਹ ਬ੍ਰਾਹਮਣ ਹਨ ਤੇ ਭਾਵੇਂ ਸ਼ੂਦਰ ਹਨ। ਤੁਹਾਡੇ ਵਰਗੀਆਂ ਦਲੀਲਾਂ ਭਿੰਡਰਾਂ ਵਾਲਾ ਵੀ ਦੇਂਦਾ ਹੁੰਦਾ ਸੀ। ਤੁਸੀਂ ਸੂਦਰਾਂ ਦੇ ਪੈਂਤੜੇ ਤੇ ਖਲੋ ਕੇ ਗੱਲ ਕਰਦੇ ਹੋ, ਉਹ ਸਿਖਾਂ ਦੇ ਪੈਂਤੜੇ ਤੇ ਖਲੋਕੇ ਗਲ ਕਰਦਾ ਸੀ ਤੇ ਇਸੇ ਤਰ੍ਹਾਂ ਦੇ ਅੰਕੜੇ ਸਾਬਤ ਕਰਦਾ ਸੀ ਕਿ ਭਾਰਤ ਵਿਚ ਰਾਜ ਬ੍ਰਾਹਮਣਾਂ ਦਾ ਹੈ। ਗਿਆਨੀ ਜ਼ੈਲ ਸਿੰਘ ਵਰਗਿਆਂ ਦੀ ਹੋਂਦ ਨੂੰ ਉਹ ਚਮਚੇ ਕਹਿਕੇ

Registered with the Registrar, News Papers, Vide No MA/12397.D dated 18.4.80
Post Office No. P/AR—133

ਟਾਲੌਂ ਦੇਂਦਾ ਸੀ, ਜਿਸ ਤਰ੍ਹਾਂ ਤੁਸੀਂ ਜਗਜੀਵਨ ਰਾਮ ਵਰਗਿਆਂ ਦੀ ਹੋਂਦ ਨੂੰ ਟਾਲ ਦਿਤਾ ਹੈ। ਉਸਦੀ ਸਿਆਸਤ ਨੇ ਸਿਖਾਂ ਵਾਸਤੇ ਕੋਈ ਚੰਗੇ ਨਤੀਜੇ ਨਹੀਂ ਕਢੇ ਤੇ ਤੁਹਾਡੀ ਸਿਆਸਤ ਨੇ ਸੂਦਰਾਂ ਵਾਸਤੇ ਚੰਗੇ ਨਤੀਜੇ ਨਹੀਂ ਕਢਣੇ। ਆਖਰ ਤੁਸੀਂ ਗਰੀਬਾਂ ਵਿਚ ਜਾਤ ਪਾਤ ਦੀ ਬਿਨਾਂ 'ਤੇ ਪਾੜਾ ਕਿਉਂ ਪਾਉਣਾ ਚਾਹੁੰਦੇ ਹੋ ? ਕੀ ਤੁਹਾਡਾ ਯਕੀਨ ਹੈ ਕਿ ਰੂਸ ਜਾਂ ਚੀਨ ਵਰਗਾ ਇਨਕਲਾਬ ਜੇਕਰ ਹਿੰਦੋਸਤਾਨ ਵਿਚ ਆ ਵੀ ਜਾਵੇ ਤਾਂ ਵੀ ਸੂਦਰਾਂ ਦਾ (ਵੱਡੀ ਗਿਣਤੀ ਬੇਜ਼ਮੀਨੇ ਅਤੇ ਮੇਹਨਤਕਸ਼ ਲੋਕ) ਮਸਲਾ ਹਲ ਨਹੀਂ ਹੋਵੇਗਾ ? ਜੇ ਤੁਹਾਡਾ ਐਸਾ ਯਕੀਨ ਹੈ ਤੇ ਉਹ ਠੀਕ ਨਹੀਂ। ਠੀਕ ਇਹੀ ਹੈ ਕਿ ਇਨ੍ਹਾਂ ਸਵਾਲਾਂ ਦੇ ਅੰਤਮ ਹਲ ਇਸ ਸਮਾਜ ਵਿਚ ਇਨਕਲਾਬੀ ਤਬਦੀਲੀਆਂ ਦੇ ਬਾਅਦ ਹੀ ਮੁਮਕਿਨ ਹੋ ਸਕਣਗੇ। ਬਾਬਾ ਅੰਬੇਦਕਰ ਨੇ ਪਛੜੀਆਂ ਜ਼ਾਤਾਂ ਵਾਲਿਆਂ ਨੂੰ ਇਕ ਨਵੀਂ ਜਾਗ੍ਰਿਤੀ ਪ੍ਰਦਾਨ ਕੀਤੀ ਹੈ, ਇਹ ਉਹਨਾਂ ਦੀ ਵਡੀ ਦੇਣ ਹੈ। ਇਹ ਜਾਗ੍ਰਿਤ ਲੋਕ ਜਦੋਂ ਦੂਜੇ ਜਾਗ੍ਰਿਤ ਲੋਕਾਂ ਨਾਲ ਆਪਣਾ ਮੋਢਾ ਜੋੜਣਗੇ ਲੀਡਰਸ਼ਿਪ ਵਿਚ ਹਿੱਸਾ ਪਾਉਣਗੇ ਤਾਂ ਹੀ ਅੰਤਮ ਜਿੱਤ ਵੱਧ ਸਕਣਗੇ ਨਹੀਂ ਤਾਂ ਉਤੋਂ ਉਤੋਂ ਰੈਜ਼ਰਵੇਸ਼ਨਾਂ, ਅਸੈਂਬਲੀ ਸੀਟਾਂ, ਵੋਟਾਂ ਤੇ ਕੁਝ ਰਿਔਤਾਂ ਦਾ ਚੱਕਰ ਹੀ ਰਹੇਗਾ ਤੇ ਵਡੀ ਗਿਣਤੀ ਲਈ ਉਹੀ ਨਿਰਾਦਰੀ, ਗਰੀਬੀ ਅਤੇ ਕੰਗਾਲੀ ਦਾ ਚੱਕਰ ਬਣਿਆ ਰਹੇਗਾ।

**ਗੁਰਸ਼ਰਨ ਸਿੰਘ**

ਪਿਛਲੇ ਕੱਈ ਅੰਕਾਂ ਤੋਂ ਸਮੇਤਾ ਦੇ ਕਾਲਮਾਂ ਵਿਚ ਕਮਿਊਨਿਸਟ ਇਨਕਲਾਲੀਆਂ ਦੇ ਵਿਚਾਰ ਛਪਦੇ ਰਹੇ ਹਨ। ਉਹਨਾਂ ਦੀ ਵਿਚਾਰ ਚਰਚਾ ਦਾ ਮੁਖ ਵਿਸ਼ਾ ਦੁਨੀਆਂ ਦੀਆਂ ਦੋ ਮਹਾਨ ਤਾਕਤਾਂ ਸੋਵੀਅਤ ਰੂਸ ਤੇ ਅਮਰੀਕਾ ਹੁੰਦੇ ਹਨ। ਸੰਸਾਰ ਅੰਦਰ ਵਧ ਰਹੀ ਪ੍ਰਮਾਣੂ ਜੰਗ ਦੇ ਖਤਰੇ ਲਈ ਇਹ ਕਮਿਊਨਿਸਟ ਇਨਕਲਾਬੀ ਸੋਵੀਅਤ ਯੂਨੀਅਨ ਤੇ ਅਮਰੀਕਾ ਦੋਹਾਂ ਨੂੰ ਜ਼ੁੰਮੇਵਾਰ ਠਹਿਰਾਉਂਦੇ ਹਨ। ਉਹਨਾਂ ਦੇ ਵਿਚਾਰ ਅਨੁਸਾਰ ਇਹ ਦੋ ਮਹਾਂ ਸ਼ਕਤੀਆਂ ਆਪਣੀ ਬਰਾਬਰ ਲੁਟ ਚੋਂਘ ਬਰਕਰਾਰ ਰੱਖਣ ਲਈ ਇਕ ਦੂਜੇ ਨੂੰ ਪਛਾੜਨ ਦੀ ਦੌੜ ਵਿਚ ਯਤਨਸ਼ੀਲ ਹਨ। ਇਸ ਲਈ ਇਹ ਦੋਵੇਂ ਤਾਕਤਾਂ ਲੋਕ ਦੁਸ਼ਮਣ ਹਨ।

ਇਹਨਾਂ ਸਜਣਾਂ ਦੀਆਂ ਇਹ ਦਲੀਲਾਂ ਹਾਸੋ-ਹੀਣੀਆਂ ਤਾਂ ਹਨ ਹੀ ਸਗੋਂ ਇਹ ਆਮ ਤੌਰ 'ਤੇ ਸਾਮਰਾਜੀ ਸੰਚਾਰ ਸਾਧਨਾਂ ਰਾਹੀਂ ਕਮਿਊਨਿਜ਼ਮ ਦੇ ਵਿਰੁਧ ਕੀਤੇ ਜਾਂਦੇ ਪ੍ਰਚਾਰ 'ਤੇ ਹੀ ਅਧਾਰਤ ਹਨ। ਸਾਮਰਾਜ ਵਲੋਂ ਕੀਤਾ ਜਾਂਦਾ ਇਹ ਭੰਡੀ ਪ੍ਰਚਾਰ (ਜਿਸ ਵਿਚ ਹਿੰਦੁਸਤਾਨੀ ਬੁਰਜੂਆ ਜਮਾਤ ਵੀ ਸ਼ਾਮਲ ਹੈ) ਹੀ ਉਹਨਾਂ ਦਾ ਵਿਚਾਰਧਾਰਕ ਸੋਮਾ ਹੈ। ਇਹ ਦਲੀਲਾਂ ਤੇ ਅੰਧਾ ਧੁੰਧ ਪ੍ਰਚਾਰ ਨਾ ਕੇਵਲ ਮਜ਼ਦੂਰ ਜਮਾਤ ਦੀਆਂ ਇਤਿਹਾਸਕ ਪ੍ਰਾਪਤੀਆਂ ਨੂੰ ਛੁਟਿਆਉਂਦਾ ਹੈ ਸਗੋਂ ਦਲਿਤ ਮਜ਼ਦੂਰ ਕਿਸਾਨ ਜਮਾਤ ਵਿਚ ਘੋਰ ਨਿਰਾਸ਼ਾ ਤੇ ਬੇਵਿਸ਼ਵਾਸੀ ਦੀ ਭਾਵਨਾ ਵੀ ਉਤਪਨ ਕਰਦਾ ਹੈ। ਸਿਰੜ ਤੇ ਲੰਮੇ ਜਮਾਤੀ ਸੰਘਰਸ਼ਾਂ, ਲਾਸਾਨੀ ਕੁਰਬਾਨੀਆਂ ਤੇ ਵਿਚਾਰਧਾਰਕ ਪੱਖੋਂ ਪਰੋਲੇਤਾਰੀ ਜਮਾਤ ਨੇ ਜਿਹੜੀਆਂ ਇਤਿਹਾਸਕ ਮੱਲਾਂ ਮਾਰੀਆਂ ਹਨ ਉਹਨਾਂ ਨੇ ਤੇ ਲੀਕ ਫੇਰ ਕੇ ਇਹ ਸੱਜਣ ਕਿਸ ਜਮਾਤ ਦੇ ਹੱਕ ਵਿਚ ਭੁਗਤ ਰਹੇ ਹਨ ? ਮਾਰਕਸਵਾਦ ਵਲ ਇਹ ਪਹੁੰਚ ਅਸਲੋਂ ਹੀ ਉਪਰੀ ਤੇ ਸਤਹੀ ਪਧਰ ਦੀ ਹੈ।

ਸਮਾਜਵਾਦੀ ਪ੍ਰਭੂ ਦੁਨੀਆਂ ਵਿਚ ਕਮਿਊਨਿਜ਼ਮ ਵਿਰੁਧ ਜਹਾਦ ਛੇੜਨ ਦੀਆਂ ਧਮਕੀਆਂ ਨੂੰ ਅਮਲ ਵਿਚ ਲਿਆ ਰਹੇ ਹਨ। ਵਧ ਫੁਲ ਰਹੀ ਪਰੋਲੇਤਾਰੀ ਕਮਿਊਨਿਸਟ ਲਹਿਰ ਸਰਮਾਏਦਾਰੀ ਦੇ ਖੋਖਲੇ ਹੋ ਚੁਕੇ ਗੈਰ ਮਨੁੱਖੀ ਢਾਂਚੇ ਲਈ ਇਕ ਹਊਆ ਬਣੀ ਹੋਈ ਹੈ। ਕੀ ਇਹ ਜਮਾਤੀ ਹਿਤਾਂ ਦੀ ਟੱਕਰ ਨਹੀਂ ? ਮਜ਼ਦੂਰ ਜਮਾਤ ਤੇ ਪਰੋਲੇਤਾਰੀ ਜਮਾਤ ਦੀ ਰਾਜਨੀਤੀ ਵਿਚ ਸਮਾਨਤਾ ਕਿਵੇਂ ਹੋ ਸਕਦੀ ਹੈ ?

ਸੋਵੀਅਤ ਯੂਨੀਅਨ ਦੀਆਂ ਆਰਥਕ, ਸਮਾਜਕ ਤੇ ਕਲਾ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਨੂੰ ਕਮਿਊਨਿਜ਼ਮ ਦੇ ਕਟੜ ਵਿਰੋਧੀ ਵੀ ਸਵੀਕਾਰ ਕਰਦੇ ਹਨ। ਅਜ ਸਮੇਂ ਦੀ ਸਖਤ ਲੋੜ ਸੰਸਾਰ ਭਰ ਵਿਚ ਕਮਿਊਨਿਸਟ ਲਹਿਰ ਨੂੰ ਜਥੇਬੰਦ ਕਰਕੇ ਲੋਕ ਵਿਰੋਧੀ ਸ਼ਕਤੀਆਂ ਤੇ ਸਾਮਰਾਜੀ ਇਜਾਰੇਦਾਰੀ ਵਿਰੁਧ ਜਥੇਬੰਦਕ ਸੰਗਰਾਮ ਦੀ ਹੈ। ਅਜ ਸਰਮਾਏਦਾਰੀ ਤਾਕਤਾਂ ਦਾ ਭਿਆਨਕ ਤੇ ਖੂੰਖਾਰ ਜਬਾੜਾ ਪਛੜੇ ਤੇ ਗਰੀਬ ਮੁਲਕਾਂ ਨੂੰ ਨਿਗਲਣ ਲਈ ਤਿਆਰ ਹੈ।

ਇਸ ਲਈ ਇਸ ਨਾਜ਼ੁਕ ਸਮੇਂ ਦਰੁਸਤ ਮਾਰਕਸਵਾਦੀ ਲੀਹਾਂ ਨੂੰ ਅਪਣਾਕੇ ਲੋਕਾਂ ਦੀ ਮੁਕਤੀ ਲਈ ਸਾਂਝੇ ਵਿਚਾਰਧਾਰਕ ਤੇ ਅਮਲੀ ਕਾਰਜਾਂ ਦੀ ਲੋੜ ਹੈ ਤਾਂ ਕਿ ਗਰੀਬੀ, ਜਹਾਲਤ ਤੇ ਭੁਖਮਰੀ ਵਿਚ ਘਿਰੀ ਲੋਕਾਈ ਨੂੰ ਲੁਟ ਖਸੁਟ ਦੇ ਤੰਦੂਏ ਜਾਲ ਵਿਚੋਂ ਕਢਿਆ ਜਾ ਸਕੇ।

**ਬਹਾਦਰ ਸੋਥੀ**, ਸਮਾਧ ਭਾਈ (ਫਰੀਦਕੋਟ)